


ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਜ਼ਿੰਦਗੀ ਦੇ
# ਰੰਗ

PunjabiLibrary.com

# ਜ਼ਿੰਦਗੀ ਦੇ
# ਰੰਗ

ਗੁਰੀ ਕੌਰ ਹਾਂਡਾ

Kitab Art
Publication

# ਜ਼ਿੰਦਗੀ ਦੇ ਰੰਗ

*by*

**ਗੁਰੀ ਕੌਰ ਹਾਂਡਾ**

**Edition Ist : 2025**

**Price : 250/–**

**ISBN : 978–93-91942-59-5**

©Author

All rights reserved worldwide. No portion of this book may be multiplied, stored in a retrieval system, or channeled in any form or by any means, electronic, mechanical, photocopy, recording or otherwise without the prior permission of the author.

*Publisher:*

**THE KITAB ART**
Opp. Punjabi University, Patiala
M. 97809–09697, 94642–03039
e–mail: thekitabart@gmail.com
www.thekitabart.com

*Distributors:*
**@BOOK_A_KITAB**
**@ONLINE KITAB GHAR**

*Laser Type Setting:*

**PATIALA COMPUTERS**
Opp. Punjabi University, Patiala
M. 98557–08204, 99159–79774
E–mail: patialacomposer04@gmail.com

*Printed in India*

ਮਨ ਵਿੱਚ ਚਲਦੇ ਵਿਚਾਰਾਂ ਨੂੰ ਸਬਦਾਂ ਵਿੱਚ ਪਰੋਅ ਲਵਾਂ ਕੁਝ ਵਧੀਆ ਜਾ ਲਿਖ ਸਭ ਦਾ ਮਨ ਮੋਹ ਲਵਾਂ ਮਨ ਵਾਲੀ ਗੱਲ ਮਿਲਦਾ ਸਕੂਨ ਆ ਲਿਖਣ ਦਾ ਹਰ ਵੇਲੇ ਰਹਿੰਦਾ ਜਨੂੰਨ ਆ ਕਰਾਂ ਰੱਬ ਅੱਗੇ ਅਰਦਾਸ ਜਦੋਂ ਵੀ ਲਿਖਾਂ ਲਿਖਵਾਈ ਕੁੱਝ ਖ਼ਾਸ ਬਹੁਤ ਜਿਆਦਾ ਸਮਾਂ ਨਹੀਂ ਹੋਇਆ ਮੈਂਨੂੰ ਲਿਖਦੀ ਨੂੰ ਸਾਹਿਤ ਪੜ੍ਹਨ ਦਾ ਸ਼ੌਂਕ ਸੀ ਥੋੜ੍ਹਾ ਬਹੁਤ ਜਦੋ ਵੀ ਸਮਾਂ ਲੱਗਦਾ ਸ਼ੌਂਕ ਪੂਰਾ ਕਰਦੀ ਸੀ, ਲਿਖਣ ਦਾ ਸ਼ੌਕ ਕਦੋਂ ਆਪਣੇ ਆਪ ਆ ਗਿਆ ਪਤਾ ਹੀ ਨਹੀਂ ਲੱਗਿਆ... ਕੁੱਝ ਕ ਸਮੇਂ ਵਿੱਚ ਲਿਖਿਆ ਤੁਹਾਡੀ ਝੋਲੀ ਵਿੱਚ ਪਾ ਰਹੀ ਹਾਂ ਜੇ ਚੰਗਾ ਲੱਗੇ ਤਾਂ ਹੌਸਲਾ ਅਫਜਾਈ ਜ਼ਰੂਰ ਕਰਨਾ ਤਾਂ ਜੋ ਅੱਗੇ ਵੀ ਹੋਰ ਵਧੀਆ ਲਿਖਣ ਦਾ ਹੌਸਲਾ ਬਣਿਆ ਰਹੇ... ਮੈਂ ਕੋਈ ਬਹੁਤ ਵੱਡੀ ਲੇਖਕਾ ਨਹੀਂ ਬਸ ਸ਼ੌਂਕ ਦੇ ਤੌਰ ’ਤੇ ਲਿਖਦੀ ਹਾਂ ਜੇ ਕੋਈ ਭੁੱਲ ਗਲਤੀ ਅੱਖਰ ਗ਼ਲਤ ਲਿਖਿਆ ਗਿਆ ਹੋਵੇ ਤੇ ਮਾਫ਼ ਕਰਨਾ... ਜੋ ਵੀ ਲਿਖਿਆ ਹਰ ਇੱਕ ਹਾਲਾਤ ਨੂੰ ਮਹਿਸੂਸ ਕਰਕੇ ਲਿਖਿਆ... ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਦੁੱਖ ਸੁੱਖ ਬਣੇ ਹਨ ਕਿਰਪਾ ਕਰਕੇ ਜੇ ਕਿਸੇ ਨੂੰ ਵੀ ਕਿਸੇ ਲਿਖੀ ਗੱਲ ਦਾ ਬੁਰਾ ਲੱਗੇ ਤੇ ਮਾਫ਼ ਕਰਨਾ... ਤੇ ਆਪਣੇ ਵਿਚਾਰ gurihanda605@gmail.com, Instagram guri_kaur_handa ਤੇ ਜ਼ਰੂਰ ਸਾਂਝੇ ਕਰਨਾ।

ਧੰਨਵਾਦ।

**ਗੁਰਪ੍ਰੀਤ ਕੌਰ**

# ਤਤਕਰਾ


- ਕਾਤਿਲ 11
- ਚੁੱਪ ਦੀ ਆਵਾਜ਼ 12
- ਵੰਡ 1947 14
- ਖੁਦ ਹੀ ਚੰਗੇ 15
- ਪੈਸਾ ਤੇ ਪਰਿਵਾਰ 16
- ਪਿੰਡ ਤੋਂ ਪ੍ਰਦੇਸ 18
- ਪ੍ਰਦੇਸ਼ੀ 20
- ਪ੍ਰਦੇਸੀ ਦੀ ਮਾਂ 21
- ਵਿਸਰ ਗਏ ਪਲ 22
- ਧੀ ਹਿੰਦੁਸਤਾਨ ਦੀ 23
- ਕਰੋਨਾ 25
- ਨਿਰਾਸ਼ਾ ਤੋਂ ਆਸਾ ਤੱਕ 27
- ਇੰਝ ਨਾ ਕਰ 29
- ਕਿਤਾਬ 31
- ਧੰਨਵਾਦ ਮਾੜੇ ਸਮੇਂ ਦਾ 32
- ਚੰਗਾ ਕਰੀ 33
- ਲੇਖੇ ਜੋਖੇ 34
- ਕਾਇਨਾਤ ਵਰਗਾ ਸਾਥ 35
- ਕਦੇ ਸੁਣ ਲਿਆ ਕਰ 37
- ਚੁੱਪ 38

- ਜਜ਼ਬਾਤੀ 39
- ਰੂਹ ਦੀ ਸੁਣ 40
- ਜ਼ਿੰਦਗੀ 42
- ਸਬਰ 43
- ਨਵਾਂ ਵਰ੍ਹਾ 44
- ਹੰਕਾਰ 45
- ਸੁਪਨੇ ਵਾਲਾ ਪਿੰਡ 46
- ਭਲੇ ਵੇਲੇ 47
- ਬਚਪਨ ਵਾਲਾ ਰਾਹ 48
- ਬੇ ਫਿਕਰਾ ਬਚਪਨ 49
- ਕੱਚੇ ਘਰ 50
- ਬਜੁਰਗਾਂ ਦੀ ਸੇਵਾ 51
- ਖ਼ਾਲੀ ਹੱਥ 52
- ਸ਼ੁਕਰਾਨਾ 53
- ਰੁਲਦਾ ਕਿਸਾਨ 54
- ਕਰਜ਼ 55
- ਸੁਪਨੇ ਵਾਲਾ ਪਿੰਡ 56
- ਬਲਾਤਕਾਰ 57
- ਚੰਗੀ ਸੋਚ 59
- ਦਲੇਰ 60
- ਪੁਰਾਣਾ ਘਰ 61
- ਲਿਆਕਤ 62
- ਜ਼ਿੰਦਗੀ 63

- ਕੋਈ ਨਹੀਂ ਸਹਾਰਾ 64
- ਰੱਬ ਤੇ ਨਹੀਂ ਮੈਂ 65
- ਰੂਹ ਦੀ ਚੀਖ 66
- ਜ਼ਿੰਦਗੀ 67
- ਫਿਕਰ ਹਰਾ ਕੇ 68
- ਜ਼ਿੰਦਗੀ 69
- ਕਿਸਮਤ 70
- ਮਾਂ ਬਾਪ 71
- ਮਿਹਰਬਾਨ ਦਾਤਾ 72
- ਸਾਥ ਦਿਉ ਰੱਬ ਜੀ 73
- ਵਾਹਿਗੁਰੂ ਜੀ ਦੇ ਉਪਕਾਰ 74
- ਧੰਨਵਾਦ ਵਾਹਿਗੁਰੂ ਜੀ 74
- ਸ੍ਰੀ ਗੁਰੂ ਨਾਨਕ ਦੇਵ ਜੀ 75
- ਖੁਦਾ 76
- ਨੂੰਹ ਨੂੰ ਧੀ ਸਮਝੋ 77
- ਨੂੰਹ ਬੁਰੀ 78
- ਨੂੰਹ ਵੀ ਧੀ 78
- ਸੋਹਰੇ 79
- ਫਰਕ 80
- ਰੀਤ 80
- ਬਾਬਲ 81
- ਮਾਂ 81
- ਵੀਰ 82

- ਸ਼ਿਕਵਾ 83
- ਜ਼ਿੰਦਗੀ 84
- ਨਾਜ਼ਕ ਰਿਸ਼ਤੇ 84
- ਪਰਛਾਵਾਂ 85
- ਅਪਣੇ ਪਰਾਏ 86
- ਕਦੇ ਕਦੇ 86
- ਅਜਨਬੀ ਜ਼ਿੰਦਗੀ 87
- ਮਤਲਬੀ 88
- ਰੂਹ ਦੀ ਸ਼ਾਂਤੀ 88
- ਝੂਠੇ ਰੋਣੇ 89
- ਖੁਦਗਰਜ 90
- ਹੁੰਗਾਰਾ 91
- ਖੁਦਗਰਜ਼ 93
- ਮੇਰੇ ਲਈ ਹੁਣ ਬਚਦੀ ਨਹੀਂ ਮੈਂ 94
- ਮਿੱਟੀ 96
- ਆਸ ਦੀ ਲਹਿਰ 97
- ਚੁੱਪ 99
- ਮੇਰਾ ਰੱਬ 101
- ਜ਼ਿੰਦਗੀ ਦੀ ਜੰਗ 104
- ਕਿੱਥੇ ਵਸਦਾ ਰੱਬ 106
- ਖੈਰ 108
- ਮੁਰਦਾ 110
- ਵਿਰਲਾਪ 114

# ਕਾਤਿਲ

ਇਕ ਔਰਤ ਆਪਣੇ ਸੁਪਨੇ ਰੀਝਾਂ ਸਧਰਾਂ ਸਭ ਤਿਆਗ ਕੇ ਕਦੇ ਬੱਚੇ ਤੇ ਕਦੇ ਪਰਿਵਾਰ ਨੂੰ ਸੰਭਾਲਣ ਵਿੱਚ ਆਪਣੀ ਸਾਰੀ ਜ਼ਿੰਦਗੀ ਰੋਲ ਦਿੰਦੀ ਹੈ ਮੈਂ ਉਹਨਾਂ ਸਭ ਔਰਤਾਂ ਨੂੰ ਬੇਨਤੀ ਕਰਦੀ ਹਾਂ ਕਿ ਆਪਣੇ ਵਾਰੇ ਵੀ ਸੋਚੋ... ਸਮਝਦੀ ਹਾਂ ਕਿ ਘਰ ਪਰਿਵਾਰ ਵੀ ਜ਼ਰੂਰੀ ਹੈ ਪਰ ਕੁਝ ਸਮਾਂ ਆਪਣੇ ਆਪ ਲਈ ਵੀ ਜ਼ਰੂਰ ਕੱਢੋ ਤਾਂ ਜੋ ਖੁਦ ਦੇ ਸੁਪਨੇ ਸਧਰਾਂ ਵੀ ਪੂਰੀਆਂ ਹੋ ਸਕਣ ਨਾ ਬਣੋ ਖੁਦ ਦੀ ਕਾਤਿਲ

ਮੈਂ ਕਾਤਿਲ ਹਾਂ...
ਹਾਂ ਮੈਂ ਕਾਤਿਲ ਹਾਂ...
ਰੀਝਾਂ ਦੀ...
ਸੁਪਨਿਆਂ ਦੀ...
ਸ਼ਧਰਾ ਦੀ... ਕਦਰਾਂ ਦੀ...
ਚੰਗੇ ਹਾਲਾਤਾਂ ਦੀ...
ਜ਼ਜਬਾਤਾਂ ਦੀ...
ਸਕੂਨ ਭਰੀਆਂ ਰਾਤਾਂ ਦੀ...
ਮਨਮਰਜ਼ੀ ਦੀਆਂ ਬਾਤਾਂ ਦੀ...
ਹਾਂ ਮੈਂ ਕਾਤਿਲ ਆ...
ਮੈਂ ਮੇਰੀ ਰੂਹ ਦੀ ਕਾਤਿਲ।

# ਚੁੱਪ ਦੀ ਆਵਾਜ਼

ਅੱਜ ਕੱਲ ਮੈਂ ਬਹੁਤ ਰੁੱਝਿਆ ਰਹਿੰਦਾ ਹਾਂ... ਵੇਖਦਾ ਹੀ ਨਹੀਂ ਮੇਰੇ ਆਲੇ ਦੁਆਲੇ ਕੀ ਹੋ ਰਿਹਾ ਹੈ... ਬੱਚੇ... ਮਾਂ ਪਿਉ... ਪਤੀ ਜਾਂ ਪਤਨੀ... ਕਿਸੇ ਦਾ ਧਿਆਨ ਹੀ ਨਹੀਂ... ਖੁਦ ਵਿੱਚ ਹੀ ਮਗਨ ਹਾਂ ਕੰਮ ਤੋਂ ਘਰ ਜਾ ਮੋਬਾਈਲ... ਸੋਸ਼ਲ ਮੀਡੀਆ... ਕਦੇ ਵੇਖਿਆ ਹੀ ਨਹੀਂ ਸਮਝਿਆ ਹੀ ਨਹੀਂ ਮੇਰੀ ਵੀ ਕਿਸੇ ਨੂੰ ਜ਼ਰੂਰਤ ਹੈ ਪੈਸਾ ਤੇ ਇੰਟਰਨੈੱਟ ਹੀ ਸਭ ਕੁੱਝ ਨਹੀਂ ਹੁੰਦਾ ਜ਼ਿੰਦਗੀ ਜਿਉਣ ਲਈ ਸਭ ਤੋਂ ਜ਼ਰੂਰੀ ਪਰਿਵਾਰ ਦਾ ਸਾਥ ਤੇ ਪਿਆਰ ਵੀ ਜ਼ਰੂਰੀ ਹੁੰਦਾ ਹੈ... ਜੋ ਮੈਂ ਮਹਿਸੂਸ ਨਹੀਂ ਕਰਦਾ... ਅਜੇ ਸਮਾਂ ਹੈ ਸੰਭਲ ਜਾਵਾਂ... ਮਹਿਸੂਸ ਕਰਾ ਆਲੇ ਦੁਆਲੇ ਦੀ ਚੁੱਪ ਨੂੰ... ਜੋ ਮੇਰੇ ਤੋਂ ਡਰਦੀ ਖਾਮੋਸ਼ ਹੀ ਹੈ...

ਚੁੱਪ ਦੀ ਆਵਾਜ਼ ਸੁਣਿਆ ਕਰ...
ਖੁਦ ਵਿੱਚੋ ਅਪਣਿਆਂ ਨੂੰ ਵੀ ਚੁਣਿਆ ਕਰ...
ਕਦੇ ਵੇਖੇ ਖ਼ਾਮੋਸ ਮਾਂ ਪਿਓ...
ਉਹਨਾਂ ਦੀਆਂ ਤੇਰੇ ਤੋਂ ਉਮੀਦਾਂ ਨੂੰ ਮਹਿਸੂਸ ਕਰਿਆ ਕਰ...
ਆਪਣੇ ਉਲਝੇ ਹੋ ਅੰਦਰ ਨੂੰ ਸ਼ਾਂਤ ਕਰ...
ਚੁੱਪ ਦੀ ਆਵਾਜ਼ ਸੁਣਿਆ ਕਰ...
ਖੁਦ ਵਿੱਚੋ ਅਪਣਿਆਂ ਨੂੰ ਚੁਣਿਆ ਕਰ...
ਕਦੇ ਸਮਝਿਆ ਆਪਣੀ ਜੀਵਨ ਸਾਥੀ ਨੂੰ... ਨਹੀਂ...
ਕਦੇ ਤਾਂ ਕੁਝ ਸਮਾਂ ਕੱਢ ਕੇ... ਜ਼ਿੰਦਗੀ ਦੀ ਤਾਣੀ...
ਇਕੱਠੇ ਬੈਠ ਕੇ ਰਲ ਕੇ ਬੁਣਿਆ ਕਰ...

ਆਪਣੇ ਉਲਝੇ ਹੋਏ ਅੰਦਰ ਨੂੰ ਸ਼ਾਂਤ ਕਰ...
ਚੁੱਪ ਦੀ ਆਵਾਜ਼ ਸੁਣਿਆ ਕਰ...
ਕਦੇ ਮਹਿਸੂਸ ਕੀਤਾ ਕੀ ਬੋਤਦੇ ਬੱਚੇ ਤੇਰੇ...
ਤੇਰੇ ਕੋਲੋਂ ਲੰਘ ਜਾਂਦੇ...
ਕੁੱਝ ਬੋਲਦੇ... ਕੁਝ ਝਿਜਕਦੇ ਕੁਝ... ਡਰਦੇ...
ਕਦੇ ਉਹਨਾਂ ਨੂੰ ਵੀ ਗਲਵਕੜੀ ਦੇ...
ਪਿਆਰ ਨਾਲ... ਦੋਸਤੀ ਨਾਲ...
ਉਹਨਾਂ ਦੇ ਦਿਲ ਤੇ ਵੀ ਇਨਸਾਨੀਅਤ ਦੇ ਅੱਖਰ ਖੁਣਿਆ ਕਰ...
ਚੁੱਪ ਦੀ ਆਵਾਜ਼ ਸੁਣਿਆ ਕਰ...
ਆਪਣੇ ਉਲਝੇ ਹੋਏ ਅੰਦਰ ਨੂੰ ਸ਼ਾਂਤ ਕਰ...
ਖੁਦ ਵਿੱਚੋ ਕਦੇ ਅਪਣਿਆ ਨੂੰ ਵੀ ਚੁਣਿਆ ਕਰ।

# ਵੰਡ 1947

1947 ਵਿੱਚ ਜੋ ਵੀ ਹੋਇਆ ਮੈਂਨੂੰ ਨਹੀਂ ਲੱਗਦਾ ਕੋਈ ਦੁਖੀ ਨਾ ਹੁੰਦਾ ਹੋਵੇ ਯਾਦ ਕਰਕੇ... ਉਸ ਸਮੇਂ ਦੀਆਂ ਸਰਕਾਰਾਂ ਨੂੰ ਕੋਈ ਫਾਇਦਾ ਹੋਇਆ ਪਤਾ ਨਹੀਂ ਜੋ ਵੀ ਮਾਸੂਮ ਬੇਕਸੂਰ ਲੋਕਾਂ ਨਾਲ ਹੋਇਆ ਬਿਲਕੁਲ ਵੀ ਭੁਲਣ ਜੋਗ ਨਹੀਂ... ਕਾਸ਼ ਉਹ ਪਹਿਲਾਂ ਵਾਲਾ ਸਮਾਂ ਵਾਪਿਸ ਆ ਜਾਵੇ ਤੇ ਸਾਰੇ ਵਿੱਛੜੇ ਹੋਏ ਪਰਿਵਾਰ ਫਿਰ ਤੋਂ ਮਿਲ ਜਾਣ

ਜਦੋਂ ਆਪਣੇ ਹੀ ਦੇਸ਼ ਵਿੱਚੋ ਆਪਣੇ ਹੀ ਸੀ ਕੱਢੇ...

ਵੱਖੋ ਵੱਖ ਜਾਤਾਂ ਧਰਮਾਂ ਵਾਲੇ ਜੋ ਕਦੇ ਰਹਿੰਦੇ ਸੀ ਬਣ ਭਾਈ ਭਾਈ ਉਦੋਂ ਕਸਾਈ ਬਣ ਇਨਸਾਨ ਨੇ ਆਪਣੇ ਭਾਈ ਹੀ ਵੱਢੇ ਜਦੋਂ ਆਪਣੇ ਹੀ ਦੇਸ਼ ਵਿੱਚੋ ਆਪਣੇ ਹੀ ਸੀ ਕੱਢੇ...

ਉਦੋਂ ਲੁੱਟੀ ਗਈ ਸੀ ਪੱਤ ਔਰਤ ਦੀ ਰੁਲ ਗਏ ਸੀ ਨਿਆਣੇ ਉਦੋਂ ਮਰਦ ਵੀ ਡਰਦੇ ਲੁਕ ਗਏ ਬਣ ਗਏ ਸੀ ਨਿਮਾਣੇ ਪਰ ਇਸ ਮਾੜੇ ਦੌਰ ਵਿੱਚ ਵੀ ਕੁਝ ਰੱਬ ਬਣ ਗਏ ਸੀ ਅਣਜਾਣੇ ਜਾਨ ਬਚਾਉਣ ਲਈ... ਡਰ ਤੁਰ ਪਏ ਸੀ ਗੱਡੇ ਜਦੋ ਆਪਣੇ ਹੀ ਦੇਸ਼ ਵਿੱਚੋ ਆਪਣੇ ਹੀ ਸੀ ਕੱਢੇ...

ਉਜਾੜ ਦਿੱਤਾ ਗਿਆ ਸੀ ਘਰ ਵਾਰ ਉਜੜ ਗਏ ਸੀ ਵਸੇ ਵਸਾਏ ਜਦੋ ਬੰਦੇ ਤਾਂ ਬੰਦੇ ਧਰਤੀ ਅਸਮਾਨ ਵੀ ਕੁਰਲਾਏ ਜਦੋ ਰੁਲਦੀਆਂ ਲਾਸ਼ਾਂ ਨਿਰਦੋਸ਼ਾਂ ਦੀਆਂ ਹੱਡ ਮਾਸ ਕੁੱਤਿਆਂ ਨੀ ਛੱਡੇ ਉਦੋਂ ਆਪਣੇ ਹੀ ਦੇਸ਼ ਵਿੱਚੋ ਆਪਣੀ ਹੀ ਸੀ ਕੱਢੇ...

ਏਹ ਅਜ਼ਾਦੀ ਨਹੀਂ ਸੀ... ਸਿਆਸਤ ਸੀ ਹੋਈ ਹਰ ਇੱਕ ਦੇ ਹਿੱਸੇ ਰਿਆਸਤ ਸੀ ਕੋਈ ਕਿੱਦਾਂ ਦਾ ਏਹ ਫੈਸਲਾ... ਕੀ ਇਨਸਾਨੀਅਤ ਸੀ ਮੋਈ...?

ਨਾ ਖੁਦ ਵਚੀ... ਨਾ ਆਪਣੇ ਬਚੇ... ਇੱਕ ਔਰਤ ਰੋਈ ਪੁੱਤ ਮਰ ਗਏ ਧੀਆਂ ਲੁੱਟ ਗਈਆਂ... ਪਤੀ ਵੀ ਨੀ ਛੱਡੇ... ਜਦੋਂ ਆਪਣੇ ਹੀ ਦੇਸ਼ ਵਿੱਚੋ ਆਪਣੇ ਹੀ ਸੀ ਕੱਢੇ।

# ਖੁਦ ਹੀ ਚੰਗੇ

ਅੱਜ ਦੇ ਸਮੇਂ ਵਿੱਚ ਇਨਸਾਨ ਐਨਾਂ ਖੁਦਗਰਜ਼ ਤੇ ਹੰਕਾਰੀ ਹੋ ਗਿਆ ਹੈ ਕਿ ਆਪਣੇ ਆਪ ਤੋਂ ਇਲਾਵਾ ਕੁਝ ਵੀ ਕੋਈ ਵੀ ਸੀ ਨਹੀਂ ਲੱਗਦਾ ਏਦਾਂ ਸੋਚਦਾ ਹੈ ਕਿ ਉਸ ਤੋਂ ਇਲਾਵਾ ਸਭ ਗ਼ਲਤ ਨੇ ਇੱਥੋਂ ਤੱਕ ਕਿ ਰੱਬ ਨੂੰ ਵੀ ਗ਼ਲਤ ਹੀ ਸਮਝਦਾ ਹੈ... ਉਸ ਕੁਦਰਤ ਨੇ ਨਿਰੰਕਾਰ ਨੇ ਪਰਮਾਤਮਾ ਨੇ ਕਿਸੇ ਨਾਲ ਕੁੱਝ ਵੀ ਗ਼ਲਤ ਨਹੀਂ ਕੀਤਾ ਇਹ ਸਿਰਫ ਇਨਸਾਨ ਦੀ ਸੋਚ ਹੈ ਜਿਸ ਨੂੰ ਖੁਦ ਤੋਂ ਇਲਾਵਾ ਕੁਝ ਵੀ ਚੰਗਾ ਨਹੀਂ ਲੱਗਦਾ ਕੋਸ਼ਿਸ ਕਰੀਏ ਖੁਦ ਨੂੰ ਸੁਧਾਰਣ ਦੀ...

ਮੈਂ ਚੰਗਾ... ਤੂੰ ਮਾੜਾ...
ਮਾੜਾ ਹੈ... ਘਰ ਪਰਿਵਾਰ ਸਾਰਾ
ਅਸੀਂ ਚੰਗੇ... ਤੁਸੀਂ ਮਾੜੇ
ਮਾੜਾ ਹੈ... ਆਂਢ ਗੁਆਂਢ ਸਾਰਾ
ਕੁੱਲ ਮਿਲਾ ਕੇ ਖੁਦ ਹੀ ਚੰਗੇ...
ਮਾੜਾ ਹੈ ਸੰਸਾਰ ਸਾਰਾ...
ਪਰ ਸੋਚੋ
ਮੈਂ ਮੇਰੀ ਨੂੰ ਚੁੱਕੀ ਫਿਰਦਾ...

ਕੁਲ ਮਿਲਾ ਕੇ ਚੰਗਾ ਹੈ ਸੰਸਾਰ ਸਾਰਾ ਮਾੜਾ ਕੌਣ ਫੇਰ... ਮਾੜਾ ਹੈ... ਨਿਰੰਕਾਰ...

ਜਿਸਨੇ ਬਣਾਇਆ ਸੰਸਾਰ...
ਸਭ ਨੂੰ ਸਭ ਕੁਝ ਦਿੱਤਾ ਉਸਨੇ ਫੇਰ ਵੀ ਸ਼ਿਕਵੇ...
ਸੱਚੀ ਸਬਰ ਨਹੀਂ ਆਇਆ...
ਰੱਬ ਹੀ ਮਾੜਾ... ਸਭ ਕੁਝ ਹੁੰਦੇ... ਕੁਝ ਨਹੀਂ ਦਿੱਤਾ...
ਕੀ ਮਾੜਾ ਹੈ ਨਿਰੰਕਾਰ...?
ਮੈਂ ਹੀ ਚੰਗਾ ਮੈਂ ਹੀ ਚੰਗਾ... ਮਾੜਾ ਹੈ ਸੰਸਾਰ

# ਪੈਸਾ ਤੇ ਪਰਿਵਾਰ

ਅੱਜ ਕੱਲ੍ਹ ਆਮ ਹੀ ਹੈ ਕਿ ਜਿਆਦਾਤਰ ਪੰਜਾਬੀ ਪਰਿਵਾਰ ਪੰਜਾਬ ਛੱਡ ਕੇ ਬਾਹਰਲੇ ਮੁਲਕਾਂ ਵਿੱਚ ਜਾ ਵਸੇ ਹਨ... ਪਰ ਕੰਮ ਕਾਰ ਦੇ ਰੁਝੇਵਿਆਂ ਤੇ ਉਥੋਂ ਦੇ ਸੱਭਿਆਚਾਰਕ ਦਾ ਵੀ ਅਸਰ ਸਾਡੇ ਪੰਜਾਬੀਆਂ ਹੋ ਰਿਹਾ ਹੈ ਹੋਣਾ ਵੀ ਕੋਈ ਵੱਡੀ ਗੱਲ ਨਹੀਂ ਕਿਉਂਕਿ ਰਹਿਣੀ ਸਹਿਣੀ ਦਾ ਅਸਰ ਵਾਜਿਬ ਹੈ ਪਰ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਬੱਚਿਆਂ ਤੇ ਉਹਨਾਂ ਦੇ ਵੀ ਬੱਚਿਆ ਨੂੰ ਆਪਣੇ ਪਰਿਵਾਰ... ਪੰਜਾਬੀਅਤ... ਪੰਜਾਬੀ ਸੱਭਿਆਚਾਰ... ਤੇ ਪੰਜਾਬੀ ਸੰਸਕਾਰਾਂ ਨਾਲ ਜੋੜੀ ਰੱਖੀਏ...

ਆਪੋ ਆਪਣੀ ਨੌਕਰੀ ਤੇ ਲੱਗੇ...
ਆਪੇ ਆਪਣੀ ਖਾਤੇ...
ਕੰਮ ਕਾਰ ਵਿੱਚ ਰੁੱਝੇ ਹੋਏ...
ਭੁੱਲ ਗਏ ਰਿਸ਼ਤੇ ਨਾਤੇ...
ਏਸ ਨਾਲੋਂ ਤਾਂ ਪੰਜਾਬ ਹੀ ਚੰਗੇ ਸੀ...
ਉਂਝ ਭਾਂਵੇ ਤੰਗੀ ਸੀ...
ਪਰ ਜ਼ਿੰਦਗੀ ਬੜੀ ਚੰਗੀ ਸੀ...
ਸਾਰੇ ਪਰਿਵਾਰ ਦਾ ਆਪਸ ਵਿੱਚ ਪਿਆਰ ਸੀ...
ਜਿਸਦੀ ਹੁਣ ਕੋਈ ਸੁਣਦਾ ਨਹੀਂ...
ਉਹੀ ਬਾਪੂ ਉਥੇ ਘਰ ਦਾ ਲਾਣੇਦਾਰ ਸੀ...
ਭੈਣ ਭਰਾ ਆਪਸ ਵਿੱਚ ਲੜਦੇ ਸੀ...
ਪਰ ਲੋੜ ਪੈਣ ਤੇ ਇੱਕ ਦੂਜੇ ਲਈ ਖੜ ਦੇ ਸੀ...

ਹੁਣ ਇੱਕ ਦੂਜੇ ਦਾ ਹਾਲ ਵੀ ਨਹੀਂ ਪੁੱਛਦੇ...
ਜੋ ਕਦੇ ਲੜਕੇ ਵੀ ਨਹੀਂ ਸੀ ਰੁੱਸ ਦੇ...
ਇਕੋ ਬੇਨਤੀ ਆ ਸਭ ਨੂੰ...
ਵਿਦੇਸ਼ ਵਿੱਚ ਆਓ... ਪੈਸਾ ਜਿਨਾਂ ਮਰਜ਼ੀ ਕਮਾਓ...
ਪਰ ਆਪਣਾ ਪਰਿਵਾਰ... ਆਪਣਾ ਸੱਭਿਆਚਾਰ ਨਾ ਭੁਲਾਓ।

# ਪਿੰਡ ਤੋਂ ਪ੍ਰਦੇਸ

ਬਹੁਤ ਪਰਦੇਸੀ ਭੈਣ ਭਰਾ ਆਪਣੇ ਪਰਿਵਾਰ ਦੀਆ ਜ਼ਿੰਮੇਵਾਰੀਆਂ ਨਿਭਾਉਣ ਲਈ ਖੁਦ ਦੀਆ ਖੁਸ਼ੀਆਂ ਕੁਰਬਾਨ ਕਰ ਜਾਂਦੇ ਨੇ ਆਪਣੀ ਸਾਰੀ ਜ਼ਿੰਦਗੀ ਆਪਣਾ ਘਰ ਪਰਿਵਾਰ ਮਾਂ ਪਿਉ ਦੇ ਸੁਪਨੇ ਪੂਰੇ ਕਰਨ ਲਈ ਸਾਰੀ ਜ਼ਿੰਦਗੀ ਪਰਦੇਸ ਵਿੱਚ ਹੀ ਗੁਜ਼ਾਰ ਦਿੰਦੇ ਨੇ ਕੁੱਝ ਲਾਈਨਾਂ ਉਹਨਾਂ ਭੈਣ ਭਰਾਵਾਂ ਦੇ ਦਰਦ ਨੂੰ ਸਮਝਦੇ ਹੋਏ...

ਪਿੰਡ ਛੱਡ ਜਦੋ ਦਾ ਵਿਦੇਸ਼ ਵਿੱਚ ਆ ਗਿਆ...
ਚੰਦਰਾ ਵਿਛੋੜਾ ਦਿਲਾ ਵਿਚੋ ਵਿੱਚ ਖਾ ਗਿਆ...
ਦੂਰ ਹੋ ਗਏ ਰਿਸ਼ਤੇ ਜੋ ਭੁੱਲ ਨਹੀਂਓ ਹੁੰਦੇ...
ਸੁਪਨਾ ਸੀ ਆਇਆ ਰਾਤੀਂ ਸੁੱਤੇ ਨੂੰ ਰਵਾ ਗਿਆ...
ਪਿੰਡ ਛੱਡ ਜਦੋਂ ਦਾ ਵਿਦੇਸ਼ ਵਿੱਚ ਆ ਗਿਆ...
ਚੰਦਰਾ ਵਿਛੋੜਾ ਦਿਲਾ ਵਿਚੋਂ ਵਿੱਚ ਖਾ ਗਿਆ...
ਮਾਪਿਆਂ ਤੋਂ ਦੂਰ ਹੋਏ...
ਯਾਦਾਂ ਵਿੱਚ ਚੂਰ ਹੋਏ...
ਪਰ ਹਿਮੰਤ ਨਹੀਂ ਹਾਰੀ ਦਿਲਾ ਪੈਸਾ ਤਾਂ ਕਮਾ ਲਿਆ...
ਪਿੰਡ ਛੱਡ ਜਦੋਂ ਦਾ ਵਿਦੇਸ਼ ਵਿੱਚ ਆ ਗਿਆ...
ਚੰਦਰਾ ਵਿਛੋੜਾ ਦਿਲਾ ਵਿਚੋ ਵਿੱਚ ਖਾ ਗਿਆ...
ਕੋਠੀ ਕਰ ਲਈ ਤਿਆਰ ਜ਼ਮੀਨ ਲੈ ਲਈ ਪਿੱਡੋਂ ਬਹਾਰ...
ਸੁਪਨੇ ਪੂਰੇ ਕਰ ਬਾਪੂ ਦੇ...
ਖੁਆਬ ਮਾਂ ਦੇ ਹਕੀਕਤ ਬਣਾ ਰਿਹਾ...

ਪਿੰਡ ਛੱਡ ਜਦੋਂ ਦਾ ਵਿਦੇਸ਼ ਵਿੱਚ ਆ ਗਿਆ...
ਚੰਦਰਾ ਵਿਛੋੜਾ ਦਿਲਾ ਵਿਚੋ ਵਿੱਚ ਖਾ ਗਿਆ...
ਪਿੰਡ ਛੱਡ ਜਦੋਂ ਦਾ ਵਿਦੇਸ਼ ਵਿੱਚ ਆ ਗਿਆ
ਚੰਦਰਾ ਵਿਛੋੜਾ ਦਿਲਾ ਵਿਚੋ ਵਿੱਚ ਖਾ ਗਿਆ
ਬਹੁਤ ਕੁਝ ਬਦਲ ਗਿਆ ਬਸ ਦਿਲ ਸਮਝਾ ਲਿਆ...
ਪਿਓ ਦਾ ਆਖਰੀ ਵਾਰ ਮੂੰਹ ਵੀ ਨਹੀਂ ਸੀ ਦੇਖਿਆ...
ਮਾਂ ਦਾ ਵੀ ਆਖਰੀ ਸਾਹ ਦਾ ਸੁਨੇਹਾ ਆ ਗਿਆ...
ਰਿਸ਼ਤੇ ਤਾਂ ਸਭ ਛੁੱਟ ਗਏ ਨੇ...
ਪਰ ਪੈਸਾ ਤਾਂ ਕਮਾ ਲਿਆ...
ਪਿੰਡ ਛੱਡ ਜਦੋ ਦਾ ਵਿਦੇਸ਼ ਵਿੱਚ ਆ...
ਚੰਦਰਾ ਵਿਛੋੜਾ ਦਿਲਾ ਵਿਚੋ ਵਿੱਚ ਖਾ ਗਿਆ।

# ਪ੍ਰਦੇਸ਼ੀ

ਜਦੋਂ ਦੇ ਪੰਜਾਬ ਛੱਡ ਅਸੀਂ ਪ੍ਰਦੇਸੀ ਹੋਏ...
ਦੁੱਖ ਸੁੱਖ ਇਕੱਲੇ ਸਹਿੰਦੇ...
ਪਤਾ ਨਹੀਂ ਕਿੰਨੀ ਵਾਰ ਇਕੱਲੇ ਹੱਸੇ ਇਕੱਲੇ ਰੋਏ...
ਆਪਣਾ ਆਪ ਭੁਲਾ ਕੇ ਰਹਿੰਦੇ ਕੰਮ ਕਾਰ ਵਿੱਚ ਖੋਏ...
ਸਭ ਕੁਝ ਬਦਲ ਗਿਆ ਦਿਲ ਪੱਥਰਾਂ ਵਰਗੇ ਹੋਏ...
ਜਦੋਂ ਦੇ ਪੰਜਾਬ ਛੱਡ ਅਸੀਂ ਪ੍ਰਦੇਸੀ ਹੋਏ

# ਪ੍ਰਦੇਸੀ ਦੀ ਮਾਂ

ਇੱਕ ਮਾਂ ਦੀ ਤਕਲੀਫ ਸਿਰਫ ਉਹ ਹੀ ਸਮਝ ਸਕਦੀ ਹੈ ਜਿਸ ਦਾ ਪੁੱਤ ਪ੍ਰਦੇਸੀ ਹੋਵੇ ਤੇ ਕੋਈ ਸਹਾਰਾ ਵੀ ਨਾ ਹੋਵੇ...

ਆ ਜਾ ਵਾਪਿਸ ਪੁੱਤਰਾ...
ਤੈਨੂੰ ਤੇਰੀ ਮਾਂ ਉਡੀਕਦੀ ਐ...
ਤੂੰ ਮੁੜ ਘਰ ਨੀ ਆਇਆ...
ਤੇਰੀ ਮਾਂ ਦੀ ਰੂਹ ਤੈਨੂੰ ਮਿਲਣ ਲਈ ਚੀਖਦੀ ਐ...
ਉਹ ਬੋਲਦੀ ਨੀ ਕੁਝ...
ਉਸ ਦੀਆਂ ਅੱਖਾਂ ਵਿਚ...
ਤੇਰੀ ਉਡੀਕ ਅਤੇ ਉਸਦੀ ਬੇਬਸੀ ਦਿਸਦੀ ਐ...
ਆਜਾ ਮੁੜਿਆ ਇੱਕ ਵਾਰੀ...
ਅਜੇ ਜਿਊਂਦੀ ਤੇਰੀ ਬੁੱਢੀ ਮਾਂ ਤੈਨੂੰ ਉਡੀਕਦੀ ਐ

# ਵਿਸਰ ਗਏ ਪਲ

ਅਸੀਂ ਪਰਦੇਸ ਵਿੱਚ ਆਏ ਸਭ ਕੁੱਝ ਮਿਲ ਗਿਆ ਪਰ ਕੀ ਉਹ ਰਿਸ਼ਤੇ ਜੋ ਕਦੇ ਇਕੱਠੇ ਜਨਮੇ ਇਕੱਠੇ ਵੱਡੇ ਹੋਏ ਪਰ ਇੱਕ ਮੁਕਾਮ ਤੇ ਆਕੇ ਗੁਆਚ ਗਏ... ਤੇ ਫੇਰ ਕਦੇ ਨਹੀਂ ਮਿਲੇ... ਬਸ ਸੁਪਨੇ ਹੀ ਆਕੇ ਗੁਆਚ ਗਏ... ਤੇ ਫੇਰ ਕਦੇ ਨਹੀਂ ਮਿਲੇ... ਬਸ ਸੁਪਨੇ ਹੀ ਉਹਨਾਂ ਦੇ ਮਿਲਣ ਦਾ ਵਸੀਲਾ ਬਣ ਕੇ ਰਹਿ ਗਏ:

ਅਸੀਂ ਸਾਰੇ ਭੈਣ ਭਰਾ ਹੁਣ ਸੁਪਨੇ ਵਿੱਚ ਮਿਲਦੇ ਹਾਂ...
ਹੱਸਦੇ ਹਾਂ ਖੇਡ ਦੇ ਹਾਂ...
ਬਚਪਨ ਵਿੱਚ ਚਲੇ ਜਾਂਦੇ ਹਾਂ...
ਇਸ ਬਾਹਰਲੇ ਮੁਲਕ ਨੇ ਉਹ ਉਹ ਕੀਮਤੀ ਪਲ ਖੋ ਲਾਏ ਨੇ... ਮੇਰੇ ਭੈਣ ਭਰਾ ਨਵੇਂ ਰਿਸ਼ਤਿਆਂ ਨੇ ਮੋਹ ਲਏ ਨੇ...
ਅਸਲ ਜਿੰਦਗੀ ਵਿੱਚ ਰੁਲ ਗਏ...
ਅਸੀਂ ਹੁਣ ਭੈਣ ਭਰਾ ਸਭ ਸੁਪਨੇ ਵਿੱਚ ਮਿਲਦੇ ਹਾਂ।

# ਧੀ ਹਿੰਦੁਸਤਾਨ ਦੀ

ਕੋਈ ਸ਼ਬਦ ਹੀ ਨਹੀਂ ਏਸ ਦਰਦ ਨੂੰ ਬਿਆਨ ਕਰਨ ਲਈ ਬਹੁਤ ਮੁਸ਼ਕਿਲ ਹੈ ਇਹ ਦੁੱਖ ਸਿਰਫ ਇੱਕ ਔਰਤ ਹੀ ਸਮਝ ਸਕਦੀ ਹੈ... ਹੋ ਸਕਦਾ ਮਰਦ ਵੀ ਸਮਝ ਸਕੇ ਹਾਂ ਪਿਉ ਸਮਝ ਸਕਦਾ ਹੈ... ਪਰ ਗੁਜਾਰਿਸ਼ ਕਰਦੀ ਹਾਂ ਸਭ ਸਮਝ ਜਾਓ... ਇੱਜ਼ਤ ਕਰੋ ਬੱਚੀਆਂ ਦੀ ਬਚਾਅ ਲਓ... ਦੁਖੀ ਹੋਣ ਤੋਂ... ਰੁਲਣ ਤੋ... ਕਦਰ ਕਰੋ ਨਾ ਰੋਲੋ...

ਅੱਜ ਇੱਕ ਰੋਂਦੀ ਧੀ ਹਿੰਦੁਸਤਾਨ ਦੀ ਸਭ ਨੂੰ ਪੁਕਾਰੇ
ਕੋਈ ਰੁਲਦੀ ਮਾਂ ਬਾਪ ਦੇ ਹੀ ਦਰ ਤੇ
ਜਾਂ ਕੋਈ ਮਾਂ ਪਿਉ ਹੀ ਕੁੱਖ ਵਿੱਚ ਮਾਰੇ...
ਅੱਜ ਰੁਲਦੀ ਕੋਈ ਧੀ ਸੋਹਰੇ ਘਰ ਵਿੱਚ
ਪਿਆਰ ਸਤਿਕਾਰ ਨਾ ਆਪਣਾ ਹੱਕ ਪਾਵੇ...
ਅੱਜ ਰੁਲਦੀ ਕੋਈ ਮਾਂ ਪਿਉ ਬਿਨਾਂ...
ਖੁਦ ਦੇ ਹੀ ਘਰ ਵਿੱਚ ਕੋਈ ਆਪਣਾ ਹੀ ਤੜਫਾਏ...
ਅੱਜ ਡਰਦੀ ਧੀ ਹਿੰਦੁਸਤਾਨ ਦੀ...
ਇਕੱਲੀ ਘਰ ਤੋਂ ਬਾਹਰ ਕਿੱਦਾਂ ਜਾਵੇ...
ਜਗ੍ਹਾ ਜਗ੍ਹਾ ਘੁੰਮਦੇ ਦਰਿੰਦੇ...
ਕਿੱਦਾਂ ਇੱਜ਼ਤ ਆਪਣੀ ਬਚਾਵੇ...
ਧਰਮ ਬਥੇਰੇ ਹਿੰਦੁਸਤਾਨ ਵਿਚ...
ਪਰ ਇਨਸਾਨੀਅਤ ਨਾ ਧਿਆਵੇ...
ਅੱਜ ਰੋਂਦੀ ਧੀ ਹਿੰਦੁਸਤਾਨ ਦੀ ਸਭ ਨੂੰ ਪੁਕਾਰੇ...

ਸਿਰਫ ਧੀ ਹੀ ਨਹੀਂ ਹਿੰਦੁਸਤਾਨ ਦੀ ਨਵੀਂ ਪੀੜ੍ਹੀ ਵੀ ਕੁਝ ਕਰਨ ਜੋਗੀ ਨਹੀਂ ਜਿਨਾਂ ਸਮਾਂ ਸਰਕਾਰ ਆਪਣੀ ਤਾਕਤ ਦੀ ਸਹੀ ਢੰਗ ਨਾਲ ਵਰਤੋਂ ਨਹੀਂ ਕਰਦੀ...

ਕਰਦੀ ਅਰਜ਼ੋਈ ਸੁਣ ਲੈ ਨੀ ਸਰਕਾਰੇ...
ਤੈਨੂੰ ਜਿਨਾਂ ਚੁਣਿਆ ਉਸ ਜਨਤਾ ਨੂੰ ਹੀ ਮਾਰੇ...
ਹੋ ਜਾਂਦਾ ਦੇਸ਼ ਵੀ ਬਾਹਰਲੇ ਮੁਲਕਾਂ ਵਰਗਾ...
ਬਸ ਦੇਸ਼ ਚਲਾਉਣ ਵਾਲਿਆਂ ਨੇ ਹੀ ਜਨਤਾ ਦੇ ਹੱਕ ਮਾਰੇ...
ਅੱਜ ਰੁਲਦੀ ਜਵਾਨੀ ਹਿੰਦੁਸਤਾਨ ਦੀ ਰੋਵੇ ਕੁਰਲਾਵੇ...
ਲਾਹਨਤ ਸਰਕਾਰੇ... ਲਾਹਨਤ ਸਰਕਾਰੇ...

# ਕਰੋਨਾ

ਕਰੋਨਾ ਕੀ ਕੁੱਝ ਨਹੀਂ ਹੋਇਆ ਦੁਨੀਆ ਤੇ ਸੋਚਦੇ ਸੀ ਹੁਣ ਦੁਨੀਆ ਨੂੰ ਅਕਲ ਆ ਜਾਣੀ ਮਨੁੱਖ ਜਾਤੀ ਦੀ ਸੋਚ ਬਦਲ ਜਾਵੇਗੀ... ਇਨਸਾਨੀਅਤ ਪੈਦਾ ਹੋਵੇਗੀ ਇਨਸਾਨਾਂ ਅੰਦਰ... ਪਰ ਨਹੀ ਕੁੱਝ ਨਹੀਂ ਬਦਲਿਆ ਸਗੋ ਲੱਗਦਾ ਹੋਰ ਵੀ ਬੁਰਾ ਹਾਲ ਹੋ ਗਿਆ... ਇਨਸਾਨ ਦੀ ਹਾਲਤ ਜਾਨਵਰਾਂ ਤੋਂ ਵੀ ਬੁਰੀ ਹੋ ਗਈ... ਅੰਦਰ ਲੁਕੀ ਸ਼ੈਤਾਨੀ ਸੋਚ ਹੋਰ ਵੀ ਹਾਵੀ ਹੋ ਗਈ... ਕੁੱਝ ਚੰਗਾ ਹੋਣ ਦੀ ਸੰਭਾਵਨਾ ਨੂੰ ਵੀ ਗ੍ਰਹਿਣ ਲੱਗ ਗਿਆ ਅਰਦਾਸ ਕਰਦੀ ਹਾਂ ਏਹ ਗ੍ਰਹਿਣ ਜਲਦੀ ਖਤਮ ਹੋਵੇ ਤੇ ਸਭ ਠੀਕ ਹੋ ਜਾਵੇ...

ਜਿਸਮ ਮਿੱਟੀ ਤੇ ਰੂਹ ਆਸਮਾਨ ਹੋ ਗਈ...<br>
ਕਿਹੋ ਜਿਹਾ ਭਿਆਨਕ ਯੁੱਗ ਹੈ...<br>
ਇਨਸਾਨ ਸ਼ੈਤਾਨ ਤੇ<br>
ਧਰਤੀ ਸ਼ਮਸ਼ਾਨ ਹੋ ਗਈ...<br>
ਕਰੋਨਾ ਦੇ ਹਾਹਾਕਾਰ ਵਿੱਚ ਇਨਸਾਨੀਅਤ ਹੀ ਖੋ ਗਈ...<br>
ਕਿਤੇ ਮਿਲੇ ਨੀ ਲੋਥਾਂ ਨੂੰ ਵਾਰਿਸ...<br>
ਕਿਤੇ ਬਚਾਉਣ ਵਾਲਿਆਂ ਨੇ ਹੀ ਜ਼ਿੰਦਗੀ ਖੋ ਲਈ...<br>
ਕਿਹੋ ਜਿਹਾ ਭਿਆਨਕ ਯੁੱਗ ਹੈ...<br>
ਇਨਸਾਨ ਫੇਰ ਵੀ ਨਹੀਂ ਸਮਝਿਆ...<br>
ਕੁਦਰਤ ਵੀ ਸ਼ਰਮਸਾਰ ਹੋ ਗਈ...<br>
ਪਹਿਲਾਂ ਸੋਚਦੇ ਸੀ ਕੁਦਰਤੀ ਕਰੋਪੀ...

ਹੁਣ ਦੁਨੀਆ ਦੀ ਸੋਚ ਬਦਲ ਜਾਣੀ...
ਪਰ ਅੱਜ ਤਾਂ ਰੱਬ ਨੂੰ ਕੀ ਸਮਝਣਾ...
ਰਹਿੰਦੀ ਕਸਰ ਵੀ ਬੁਰਾਈ ਦੀ ਪੂਰੀ ਹੋ ਗਈ...
ਸੱਚੀ ਕਿਹੋ ਜਿਹਾ ਭਿਆਨਕ ਯੁੱਗ ਹੈ...
ਇਨਸਾਨ ਸ਼ੈਤਾਨ ਤੇ ਧਰਤੀ ਸ਼ਮਸ਼ਾਨ ਹੋ ਗਈ...

# ਨਿਰਾਸ਼ਾ ਤੋਂ ਆਸਾ ਤੱਕ

ਦੁੱਖ ਸੁੱਖ ਹਰ ਇੱਕ ਦੀ ਜਿੰਦਗੀ ਵਿੱਚ ਬਣੇ ਨੇ... ਇਹ ਖੁਦ ਆਪਣੇ ਆਪ ਤੇ ਨਿਰਭਰ ਕਰਦਾ ਹੈ ਕਿ ਆਪਾਂ ਖੁਦ ਨੂੰ ਮਜ਼ਬੂਤ ਰੱਖਦਾ ਹੈ ਜਾਂ ਹਿਮੰਤ ਹਾਰ ਕੇ ਨਿਰਾਸ਼ਾ ਦੇ ਹਨੇਰੇ ਵਿੱਚ ਗੁਆਚ ਜਾਣਾ ਹੈ... ਅਸਲੀ ਜ਼ਿੰਦਗੀ ਉਹੀ ਜਿਉਂਦਾ ਹੈ ਜੋ ਖੁਦ ਨੂੰ ਪਹਿਚਾਣ ਕੇ ਜ਼ਿੰਦਗੀ ਸੁਚੱਗੇ ਢੰਗ ਨਾਲ ਜਿਉਣੀ ਸਿੱਖ ਲਵੇ... ਆਪਣੇ ਅੰਦਰ ਦੇ ਰੱਬ ਨੂੰ ਪਹਿਚਾਣ ਕੇ ਵਿਸ਼ਵਾਸ ਨਾਲ ਨਵੇਂ ਸਿਰੇ ਤੋਂ ਜਿਉਣਾ ਸਿੱਖ ਲਵੇ... ਆਸਾ ਕਰਦੀ ਆ ਕਿਸੇ ਦੀ ਜ਼ਿੰਦਗੀ ਸਵਰ ਜਾਵੇ ਇਹ ਪੜ ਕੇ...

ਕੀ... ਤੂੰ ਜ਼ਿੰਦਗੀ ਜੀ ਰਿਹਾ ਏ...?
ਕੀ... ਦੁੱਖ ਸੁੱਖ ਦੇ ਪਿਆਲੇ ਭਰ ਭਰ ਕੇ ਪੀ ਰਿਹਾ ਹੈ...?
ਕੀ... ਕੋਈ ਜ਼ਿੰਦਗੀ ਦਾ ਮੁਕਾਮ ਨਹੀਂ ਹੈ...?
ਕੀ... ਕੀਤੀ ਮਿਹਨਤ ਦਾ ਕੋਈ ਅੰਜਾਮ ਨਹੀਂ ਹੈ...?
ਕੀ... ਤੂੰ ਨਿਰਾਸ਼ ਹੋ ਗਿਆ...?
ਸੁਪਨੇ ਪੂਰੇ ਕਰਨੇ ਸੀ... ਲੱਗਦਾ ਬੇ ਆਸ ਹੋ ਗਿਆ...?
ਕੀ... ਹੁਣ ਨੀ ਕੋਈ ਆਪਣਾ ਰਹਿ ਗਿਆ...?
ਕੀ... ਇਕੱਲਾ ਹੀ ਤੂੰ ਸਭ ਕੁਝ ਸਹਿ ਗਿਆ...?
ਜੇ ਮੇਰੇ ਸਵਾਲਾਂ ਦਾ ਜਵਾਬ ਤੇਰੀ ਹਾਂ ਹੈ...
ਤਾਂ ਇੱਕ ਗੱਲ ਦੱਸਾਂ... ਸਭ ਤੋਂ ਉਪਰ ਵੀ ਇੱਕ ਨਾਂ ਹੈ...
ਸਭ ਤੋਂ ਵੱਡੀ ਵੀ ਇੱਕ ਥਾਂ ਹੈ...
ਜਿੱਥੇ ਹਰ ਮੁਸ਼ਕਿਲ ਦਾ ਹੱਲ ਹੈ...

ਜੇ ਸਮਝੇ ਤਾਂ... ਨਾ ਕੋਈ ਵੱਡੀ ਗੱਲ ਹੈ...
ਤੇਰੀ ਨਿਰਾਸ਼ਾ ਦੇ ਵਿੱਚ ਆਸਾ ਹੋ
ਜੂ ਦੁੱਖਾਂ ਦਾ ਇੱਕ ਪਾਸਾ ਹੋ ਜੂ...
ਟੱਬਰ ਤਾਂ ਕੀ ਦੁਨੀਆਂ ਵੀ ਨਾਲ ਖਲੋ ਜੂ
ਬਸ ਅੱਖਾਂ ਬੰਦ ਕਰਕੇ ਇੱਕ ਵਾਰੀ ਆਪਣੇ ਅੰਦਰ ਝਾਤੀ ਲਾ ਲੈ...
ਆਪਣੇ ਮਨ ਨੂੰ ਕਹਿਣੇ ਪਾ ਲੈ...
ਅੰਦਰ ਨੂੰ ਸ਼ਾਂਤ ਕਰ... ਕੁਝ ਘੜੀ ਰੱਬ ਦਾ ਨਾਮ ਧਿਆ ਲੈ
ਸਭ ਕੁਝ ਮਿਲਜੂ ਬਸ ਪਹਿਲਾਂ ਖੁਦ ਅੰਦਰ ਰੱਬ ਨੂੰ ਪਾ ਲੈ...
ਦੁੱਖਾਂ ਦੇ ਨਾਲ ਆਢਾ ਲਾ ਲੈ...
ਜਿੱਤ ਤੇਰੀ ਤੇਰੇ ਹੱਥ ਵਿੱਚ... ਬਸ ਮਨ ਸਮਝਾ ਲੈ
ਬਾਕੀ ਜ਼ਿੰਦਗੀ ਆ ਬੰਦਿਆ...
ਸੁੱਖ ਦੇ ਨਾਲ ਨਾਲ ਦੁੱਖ ਵੀ ਆਊ...
ਉਹੀ ਜਿੱਤ ਸਕਦਾ ਇਹ ਜੰਗ ਜਿਹੜਾ ਇਹਦੇ ਨਾਲ ਆਢਾ ਲਾਊ...

# ਇੰਝ ਨਾ ਕਰ

ਕਈ ਵਾਰ ਹਲਾਤ ਏਦਾਂ ਦੇ ਹੋ ਜਾਂਦੇ ਆ ਲੱਗਦਾ ਕੋਈ ਆਪਣਾ ਨਹੀਂ... ਕੋਈ ਸਾਥ ਨਹੀਂ ਦਿੰਦਾ ਸਭ ਮਤਲਬ ਦੇ ਰਿਸ਼ਤੇ ਨੇ... ਮਨ ਉਦਾਸ ਹੋ ਜਾਂਦਾ ਹੈ... ਸੱਚੀ ਹੀ ਕਈ ਵਾਰ ਰਿਸ਼ਤੇ ਸਾਥ ਛੱਡ ਦਿੰਦੇ ਨੇ ... ਦੁੱਖ ਜ਼ਰੂਰ ਹੁੰਦਾ ਹੈ ਪਰ ਕੋਈ ਗੱਲ ਨਹੀਂ... ਤੇਰੀ ਜ਼ਿੰਦਗੀ ਤੇਰੀ ਖੁਦ ਦੀ ਹੈ ਕਿਉਂ ਬੇਕਾਰ ਹੀ ਦੁੱਖ ਨੂੰ ਦੇਹ ਦਾ ਰੋਗ ਬਣਾਉਂਦਾ ਹੈ... ਛੱਡ ਦੇ ਅਫਸੋਸ... ਕੋਸ਼ਿਸ ਕਰ ਆਪਣੀ ਜ਼ਿੰਦਗੀ ਖੁਸ਼ੀ ਨਾਲ ਜਿਉਣ ਦੀ ਪਰਵਾਹ ਨਾ ਕਰ ਕੋਈ ਸਾਥ ਦੇਵੇ ਨਾ ਦੇਵੇ...

ਨਾ ਨਿੱਕੀ ਨਿੱਕੀ ਗੱਲ ਤੇ ਝੁਰਿਆ
ਕਰ ਇਹ ਦੁਨੀਆ ਦੀ ਸੋਚ ਕੋਝੀ...
ਹਰ ਇੱਕ ਨੂੰ ਕੋਝਾ ਦੱਸਦੀ ਐ
ਇਹ ਦਿਲ ਤੋਂ ਗਰੀਬ
ਪਰ ਝੁੱਗੀ ਵਾਲੇ ਨੂੰ ਵੇਖ ਹੱਸਦੀ ਐ
ਇਹ ਨਾ ਸਾਥ ਦੇਵੇ ਕਿਸੇ ਸੱਚੇ ਦਾ
ਝੂਠਿਆਂ ਦਾ ਝੁੰਡ ਵੇਖ ਕੇ
ਉਦੇ ਵੱਲ ਅੱਖਾਂ ਬੰਦ ਕਰ ਨੱਸਦੀ ਐ
ਦੁਨੀਆਂ ਦੀ ਨਾ ਸੋਚ...
ਸੱਚ ਦੇ ਰਾਹ ਤੇ ਤੁਰਿਆ ਕਰ...
ਜ਼ਹਿਨ ਨੂੰ ਛੁੱਟੀ ਦੇ ਦੇ...
ਦਿਲ ਤੋਂ ਫੁਰਨੇ ਫੁਰਿਆ ਕਰ...
ਰੂਹ ਦੀ ਗੱਲ ਸੁਣਿਆ ਕਰ...

ਨਾ ਨਿੱਕੀ ਨਿੱਕੀ ਗੱਲ ਤੇ ਝੁਰਿਆ ਕਰ।
ਕਿਉਂ ਘੜੀ ਘੜੀ ਪਲ ਪਲ ਮਰਦਾ ਏ
ਕਿਉਂ ਕਿਸ ਗੱਲੋਂ ਡਰਦਾ ਏ
ਇੰਝ ਨਾ ਕਰ
ਸੁਣ ਲੈ ਰੂਹ ਦੀ ਗੱਲ... ਨਾ ਇੱਝ ਨਾ ਕਰ
ਜੋ ਤੇਰਾ ਹੈ ਤੇਰਾ ਹੀ ਰਹਿ ਜਾਣਾ
ਜੋ ਤੇਰਾ ਨਹੀਂ ਉਹ ਆਪੇ ਪਾਸੇ ਲਹਿ ਜਾਣਾ
ਹੁਣ ਦੁਨੀਆਦਾਰੀ ਹੈ... ਰਿਸ਼ਤੇਦਾਰੀ ਵਿੱਚ
ਛੱਡ...
ਹੁਣ... ਤੂੰ ਖੁਦ ਨਾਲ ਨਿਭਾ...
ਨਾ ਡੋਲ ਇੰਝ ਨਾ ਕਰ
ਸਬਰ ਕਰਕੇ... ਰੁਸਵਾਈ ਛੱਡ ਦੇ
ਬੁਰਾ ਅਤੀਤ ਦਿਲ ’ਚੋਂ ਕੱਢ ਦੇ
ਉਦਾਸੀ ਜੜਾਂ ਚੋ ਵੱਢ ਦੇ...
ਰੂਹਦਾਰੀ ਨਾਲ ਜੀਵਨ ਜੀ...
ਨਾ ਰੋ... ਇੰਝ ਨਾ ਕਰ...
ਰਾਤਾਂ ਜਾਗ ਕੇ ਕੀ ਕਰੇਂਗਾ
ਬੀਤ ਗਈ ਆ ਜੋ ਬਾਤਾਂ ਸੋਚ ਕੇ ਕੀ ਕਰੇਂਗਾ...
ਸਕੂਨ ਦੇ ਦੇ ਦਿਲ ਨੂੰ...
ਨਾ ਤੜਫ ਇੱਝ ਨਾ ਕਰ
ਸਭ ਦੀ ਮੰਨ ਲਈ... ਸਭ ਦੀ ਸੁਣ ਲਈ... ਏਹ ਤੇਰੀ ਸਿਆਣਪ
ਹੁਣ ਸੁਣ ਲੈ ਰੂਹ ਦੀ ਗੱਲ ਇੰਝ ਨਾ ਕਰ...
ਕਿਸੇ ਲਈ ਰੋ ਨਾ... ਖੁਦ ਲਈ ਵੀ ਜੀ...
ਨਾ ਡੋਲ... ਨਾ ਰੋ... ਇੰਝ ਨਾ ਕਰ

# ਕਿਤਾਬ

ਔਰਤ ਇੱਕ ਕਿਤਾਬ ਵਰਗੀ ਹੁੰਦੀ ਹੈ ਜੇ ਕੁਦਰਤ ਵੱਲੋਂ ਖ਼ਾਸ ਕਿਸਮ ਦੀ ਸਹਿਣਸ਼ੀਲਤਾ, ਲਿਆਕਤ, ਸਵੈ ਸਮਰਪਣ, ਬਲਿਦਾਨ ਦੀ ਭਾਵਨਾ ਨਾਲ ਨਿਵਜੀ ਹੁੰਦੀ ਹੈ, ਪਰ ਮਾਫ਼ ਕਰਨਾ ਕੁੱਝ ਕ ਨੀਵੀਂ ਸੋਚ ਦੇ ਮਾਲਕ ਉਸ ਨੂੰ ਕੋਰਾ ਕਾਗਜ਼ ਕੇ ਉਸ ਦੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਲਿਖ ਦਿੰਦੇ ਨੇ ਮਤਲਬ ਬੇ ਅਕਲ ਸਮਝ ਕੇ ਉਸ ਨੂੰ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਉਣ ਤੇ ਮਜ਼ਬੂਤ ਕਰ ਦਿੰਦੇ ਨੇ ਉਹ ਕੀ ਸੋਚਦੀ ਹੈ... ਕੀ ਕਰਨਾ ਚਾਹੁੰਦੀ ਹੈ ਕੋਈ ਪ੍ਵਾਹ ਨਹੀਂ ਕਰਦੇ... ਐਹੋ ਸ਼ਿਕਵਾ ਇੱਕ ਔਰਤ ਵਲੋਂ...

ਮੈਂ ਇੱਕ ਕਿਤਾਬ ਸੀ...
ਜਿਸ ਨੂੰ ਪੜ੍ਹ ਸਕਦਾ ਸੀ...
ਪਰ ਤੂੰ ਤਾਂ ਕੋਰਾ ਕਾਗਜ਼ ਸਮਝ ਕੇ
ਆਪਣੀ ਮਰਜ਼ੀ ਨਾਲ ਲਿਖੀ ਜਾ ਰਿਹਾ ਆ...
ਇੱਕ ਵਾਰੀ ਕੋਸ਼ਿਸ ਤਾਂ ਕਰਦਾ...
ਪੜਨ ਦੀ ਸਮਝਣ ਦੀ...

# ਧੰਨਵਾਦ ਮਾੜੇ ਸਮੇਂ ਦਾ...

ਧੰਨਵਾਦ ਉਹਨਾ ਸ਼ਬਦਾਂ ਦਾ ਤੇ ਉਹਨਾਂ ਆਪਣੇ ਪਰਾਏ ਰਿਸ਼ਤਿਆਂ ਦਾ ਜੋ ਕਦੇ ਕਿਸੇ ਔਖੇ ਸਮੇਂ ਮੇਰਾ ਸਾਥ ਦਿੰਦੇ ਰਹੇ ਜਿਹਨਾਂ ਕਰਕੇ ਜ਼ਿੰਦਗੀ ਜਿਉਣ ਦਾ ਰਾਹ ਸੌਖਾ ਹੁੰਦਾ ਗਿਆ...

ਕਿੰਨਾ ਕੁਝ ਖੋਇਆ ਵੀ...
ਪਰ ਕਿੰਨਾ ਕੁਝ ਪਾਇਆ ਵੀ...
ਜੇ ਰੁਆਇਆ ਵੀ... ਤੇ ਹਸਾਇਆ ਵੀ...
ਕੁਝ ਗਵਾਇਆ ਵੀ... ਤੇ ਬਹੁਤ ਕੁਝ ਪਾਇਆ ਵੀ...
ਜੇ ਬੇਗਾਨੇ ਹੋ ਗਏ ਸੀ ਕੁਝ ਲੋਕ ਪਰ...
ਅਪਨੇ ਕੁਝ ਵੀ ਖਾਸ ਨੇ...
ਜਿਹਨਾਂ ਕਦੇ ਟੁੱਟ ਗਈ ਨੂੰ ਬਚਾਇਆ ਵੀ...
ਮੇਰੀ ਹਿੰਮਤ ਨੂੰ ਵਧਾਇਆ ਵੀ...
ਧੰਨਵਾਦ ਆ ਉਸ ਮਾੜੇ ਸਮੇਂ ਦਾ ਵੀ...
ਜਦੋਂ ਸੁਣਦਾ ਹੀ ਨਹੀਂ ਸੀ ਕੋਈ...
ਮੈਂਨੂੰ ਲਿਖਣਾ ਸਿਖਾਇਆ ਵੀ

# ਚੰਗਾ ਕਰੀ

ਬਦਲਾ ਤਾਂ ਜ਼ਰੂਰ ਲੈਣਾ... ਕਿਵੇਂ ਕੋਈ ਮੇਰੇ ਨਾਲ ਬੁਰਾ ਕਰ ਗਿਆ... ਹੁਣ ਮੈਂ ਵੀ ਉਸ ਦਾ ਜਿਆਦਾ ਬੁਰਾ ਕਰਾਂਗਾ... ਉਹਦਾ ਵੀ ਸਭ ਵਿਗਾੜ ਦੇਵਾਂਗਾ...

ਏਹੀ ਸੋਚ ਹੁੰਦੀ ਹੈ ਆਪਣੀ ਹੈ ਨਾ... ਹਾਂ ਬਿਲਕੁਲ ਕੋਈ ਸ਼ੱਕ ਨਹੀਂ... ਪਰ ਨਹੀ ਏਦਾਂ ਨਹੀਂ ਸਿਖਾਇਆ ਆਪਣੇ ਧਰਮਾਂ ਨੇ...

ਕਦੇ ਸੋਚਿਆ

ਜੇ ਕਿਸੇ ਨੇ ਆਪਣਾ ਚੰਗਾ ਕੀਤਾ... ਬਦਲੇ ਵਿੱਚ ਦੁੱਗਣਾ ਅਸੀਂ ਉਸ ਦਾ ਚੰਗਾ ਕੀਤਾ ਹੋਵੇ... ਨਹੀਂ ਸਗੋ ਕਈ ਵਾਰ ਧੰਨਵਾਦ ਤੱਕ ਨਹੀਂ ਕਰਦੇ... ਐਹੋ ਸੋਚ ਨੂੰ ਬਦਲਣ ਦੀ ਲੋੜ ਹੈ... ਕੋਸ਼ਿਸ ਕਰੀਏ ਸੋਚ ਨੂੰ ਬਦਲਣ ਦੀ... ਸਭ ਲਈ ਕੁੱਝ ਚੰਗਾ ਕਰਨ ਦੀ...

ਚੰਗੇ ਨਾਲ ਚੰਗਾ ਕਰੀ...
ਬੁਰੇ ਨਾਲ ਬੁਰਾ... ਨਾ ਕਰ ਜਾਂਵੀ...
ਚੰਗਿਆਈ ਨਾ ਛੱਡੀ...
ਕੁਝ ਦਿਲ ਤੇ ਜਰ ਜਾਂਵੀ...
ਜੇ ਕੀਤੇ ਕਰਮਾਂ ਕਰਕੇ
ਖੁਦ ਅੱਗੇ ਸ਼ਰਮਿੰਦਾ ਆ...
ਤਾਂ ਲਾਹਨਤ ਆ...
ਕੀ ਫਾਇਦਾ ਐਹੋ ਜਹੀ ਜ਼ਿੰਦਗੀ ਦਾ
ਇਸ ਤੋਂ ਚੰਗਾ ਮਰ ਜਾਵੀਂ

# ਲੇਖੇ ਜੋਖੇ

ਕਈ ਵਾਰ ਬਦਕਿਸਮਤੀ ਨਾਲ ਕੁੱਝ ਰਿਸ਼ਤੇ ਏਦਾਂ ਦੇ ਜੁੜ ਜਾਂਦੇ ਨੇ ਜੋ ਸਾਰੀ ਜ਼ਿੰਦਗੀ ਲੱਖ ਕੋਸ਼ਿਸ ਦੇ ਬਾਅਦ ਵੀ ਆਪਣੇ ਨਹੀਂ ਬਣਦੇ... ਕਈ ਵਾਰ ਖ਼ੂਨ ਦੇ ਰਿਸ਼ਤੇ ਵੀ ਮਤਲਬੀ ਹੋ ਜਾਂਦੇ ਨੇ... ਪਰ ਫੇਰ ਵੀ ਸਾਰੀ ਉਮਰ ਨਿਭਾਉਣੇ ਪੈਂਦੇ ਨੇ... ਕੁੱਝ ਕ ਸ਼ਬਦ ਹੁੰਦੇ ਨੇ ਮਨ ਸਮਝਾਉਣ ਲਈ... ਜਿਹਨਾਂ ਕਰਕੇ ਐਹੋ ਜਹੇ ਰਿਸ਼ਤੇ ਨਿਭਾਉਣੇ ਅਸਾਨ ਹੋ ਜਾਂਦੇ ਨੇ:

ਇੱਥੇ ਕੋਈ ਨੀ ਮਿਲਦਾ...
ਆਪੇ ਰੱਬ ਮਿਲਾਉਂਦਾ ਏ...
ਦੇਣੇ ਹੁੰਦੇ ਲੇਖੇ ਅਗਲੇ ਪਿਛਲੇ ਕਰਮਾ ਦੇ...
ਤਾਂ ਹੀ ਚੰਗੇ ਨਾਲ ਬੁਰਾ...
ਬੁਰੇ ਨਾਲ ਚੰਗਾ ਵਖ਼ਤ ਹੰਢਾਉਂਦਾ ਏ...
ਡਾਢੇ ਰੱਬ ਤੇ ਛੱਡ ਦੇ ਡੋਰਾਂ ਪ੍ਰੀਤ ਕੌਰੇ
ਬੰਦੇ ਹੱਥ ਵੀ ਸਭ ਕੁਝ ਨਹੀਂ...
ਰੱਬ ਆਪੇ ਪਾਰ ਲੰਘਾਉਂਦਾ ਏ।

# ਕਾਇਨਾਤ ਵਰਗਾ ਸਾਥ

ਜਿਸ ਰਿਸ਼ਤੇ ਨਾਲ ਆਪਾਂ ਸਾਰੀ ਉਮਰ ਲਈ ਜੁੜ ਜਾਂਦੇ ਆ ਸਾਰੀ ਜ਼ਿੰਦਗੀ ਦੁੱਖ ਸੁੱਖ ਇਕੱਠੇ ਨਿਭਾਉਣ ਦਾ ਵਾਅਦਾ ਕਰਦੇ ਆ ਪਰ ਕਦੇ ਕਦੇ ਉਸ ਵਾਦੇ ਤੋਂ ਮੁਨਕਰ ਹੋ ਜਾਂਦੇ ਹਾਂ ਜਿਸ ਦਾ ਅਸਰ ਅਸੀਂ ਖੁਦ ਮਹਿਸੂਸ ਨਹੀਂ ਕਰਦੇ ਜਾਂ ਫਿਰ ਸਮਾਂ ਬੀਤ ਜਾਣ ਤੇ ਮਹਿਸੂਸ ਕਰਦੇ ਹਾਂ... ਪਰ ਉਦੋਂ ਤੱਕ ਨਾਲ ਵਾਲੇ ਸਾਥੀ ਤੇ ਜੋ ਬੀਤ ਚੁੱਕੀ ਹੈ ਉਹ ਉਹੀ ਜਾਣਦਾ ਹੈ ਕੁਝ ਸ਼ਿਕਵੇ ਜੀਵਨ ਸਾਥੀ ਦੇ ਨਾਮ:

ਜਿਵੇਂ...

ਨਦੀ ਵਹਿੰਦੀ ਹੈ... ਹੰਝੂਆਂ ਵਾਂਗ

ਜਿਵੇਂ...

ਹਵਾ ਵਗਦੀ... ਜਜ਼ਬਾਤਾਂ ਵਾਂਗ

ਜਿਵੇਂ...

ਤੂਫਾਨ ਆਉਂਦੇ... ਖਿਆਲਾ ਵਾਂਗ

ਜਿਵੇਂ...

ਸੂਰਜ ਚੜ੍ਹਦਾ... ਹਿਮੰਤ ਵਾਂਗ ਤੇ ਛਿਪ ਜਾਂਦਾ... ਮਾਯੂਸੀ ਵਾਂਗ ਹਨੇਰਾ ਛਾ ਜਾਂਦਾ... ਵੇ ਉਮੀਦ ਵਾਂਗ

ਜਿਵੇਂ

ਰੁੱਤਾਂ ਬਦਲਦੀਆਂ... ਰਿਸ਼ਤਿਆਂ ਵਾਂਗ

ਬਸ ਉਵੇਂ ਹੀ ਹੈ ਤੇਰਾ ਸਾਥ...

ਜਿਵੇਂ

ਕੋਈ ਚੰਨ ਹੋਵੇ...

ਜੋ ਇੱਕ ਦਿਨ ਪੂਰਾ ਹੈ
ਦੂਜੇ ਦਿਨ ਘੱਟ ਜਾਂਦਾ
ਤੀਜੇ ਦਿਨ ਹੋਰ ਘੱਟ
ਫੇਰ ਮੱਸਿਆ ਦੇ ਚੰਨ ਵਾਂਗੂ ਗਾਇਬ...
ਤੇ ਫੇਰ ਅਚਾਨਕ ਵਧਦਾ ਵਧਦਾ ਫੇਰ ਪੂਰਾ ਇੱਕ ਦਿਨ ਲਈ...
ਪੂਰਨਮਾਸੀ ਵਾਂਗ...
ਕਾਸ਼ ਏਹ ਸਦੀਵੀ ਹੁੰਦਾ ਕਾਇਨਾਤ ਵਾਂਗ
ਕਾਸ਼ ਤੇਰਾ ਸਾਥ ਵੀ ਹੁੰਦਾ ਕਾਇਨਾਤ ਵਾਂਗ।

# ਕਦੇ ਸੁਣ ਲਿਆ ਕਰ

ਕੁਝ ਸੁਣ ਲਿਆ ਕਰ...
ਕੁਝ ਕਹਿ ਲਿਆ ਕਰ...
ਜਦੋ ਦੁੱਖ ਸੁੱਖ ਕਰੀਦਾ...
ਘੜੀ ਪਲ ਮੈਂਨੂੰ ਸਹਿ ਲਿਆ ਕਰ...
ਕੰਮ ਕਾਰ ਵਿੱਚ ਰੁੱਝਿਆ ਰਹਿਣਾ...
ਕੁਝ ਪਲ ਕੋਲ ਬਹਿ ਲਿਆ ਕਰ...
ਕੁਝ ਮੇਰੇ ਦਿਲ ਦੀ ਸੁਣ ਲਿਆ ਕਰ...
ਕਦੇ... ਕੁਝ ਆਪਣੇ ਦਿਲ ਦੀ ਗੱਲ ਕਹਿ ਲਿਆ ਕਰ।

# ਚੁੱਪ

ਮੈਂ ਸਦਾ ਬੋਲਦੀ ਰਹਿੰਦੀ ਸੀ...
ਹੁਣ ਮੈਂ ਚੁੱਪ ਆ...
ਕੀ ਤੈਨੂੰ ਨਹੀਂ ਮਹਿਸੂਸ ਹੁੰਦਾ...
ਮੈਂ ਕਿੰਨੀ ਖੁਸ਼ ਰਹਿੰਦੀ ਸੀ...
ਹੁਣ ਮੈਂ ਉਦਾਸ ਆ...
ਕੀ ਤੈਨੂੰ ਨਹੀਂ ਮਹਿਸੂਸ ਹੁੰਦਾ...
ਮੈਂ ਘੁੱਟ ਰਹੀ ਆ ਅੰਦਰੋ ਅੰਦਰ...
ਜੋ ਹਰ ਸਮੇਂ ਹੱਸਦੀ ਰਹਿੰਦੀ ਸੀ...
ਕੀ ਤੈਨੂੰ ਨਹੀਂ ਮਹਿਸੂਸ ਹੁੰਦਾ।

# ਜਜ਼ਬਾਤੀ

ਮੈਂ... ਜਜ਼ਬਾਤੀ ਆ...
ਤਾਂ... ਪਾਗਲ ਆਂ...
ਮਨ ਦੀ ਗੱਲ ਕਹਿੰਦੀ ਆ...
ਤਾਂ... ਪਾਗਲ ਆ...
ਜੇ ਸਭ ਸਹਿੰਦੀ ਆ...
ਤਾਂ... ਪਾਗਲ ਆ
ਤੂੰ... ਜਜ਼ਬਾਤੀ ਨਹੀਂ...
ਤਾਂ... ਪਾਗਲ ਨਹੀਂ...
ਮਨ ਦੀ ਗੱਲ ਦੱਸਦਾ ਨਹੀਂ...
ਤਾਂ... ਪਾਗਲ ਨਹੀਂ...
ਕੁਝ ਸਹਿੰਦਾ ਨਹੀਂ...
ਤਾਂ... ਪਾਗਲ ਨਹੀਂ।

# ਰੂਹ ਦੀ ਸੁਣ

ਦਿਮਾਗ ਬਹੁਤ ਕੁੱਝ ਕਰਦਾ ਹੈ ਫਾਇਦਾ ਸੋਚਦਾ ਹੈ ਫੇਰ ਫੈਸਲੇ ਕਰਦਾ ਹੈ... ਪਰ ਰੂਹ ਦਾ ਫੈਸਲਾ ਸੱਚਾ ਹੁੰਦਾ ਹੈ, ਚਾਹੇ ਨਫਾ ਹੋਵੇ ਚਾਹੇ ਨੁਕਸਾਨ ਕਿਸੇ ਗੱਲ ਦੀ ਫਿਕਰ ਨਹੀਂ... ਦੁਨੀਆ ਦੀ ਪਰਵਾਹ ਨਹੀਂ... ਰੂਹ ਦੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਹੈ... ਰੂਹ ਕਦੇ ਕਿਸੇ ਬੁਰਾ ਨਹੀਂ ਕਰ ਸਕਦੀ... ਦਿਮਾਗ ਕਰ ਸਕਦਾ ਹੈ... ਕਿਉਂ ਨੀ ਸੋਚ ਵੀ... ਜਿਆਦਾ ਨਾ ਸੋਚ ਬਸ ਰੂਹ ਦੀ ਸੁਣ ਤੇ ਸੱਚ ਦੇ ਰਾਹ ਤੇ ਤੁਰ... ਨਫ਼ੇ ਨੁਕਸਾਨ ਜ਼ਿੰਦਗੀ ਵਿੱਚ ਬਣੇ ਨੇ ਚਲਦੇ ਰਹਿਣੇ ਨੇ... ਪਰ ਸਕੂਨ ਸਿਰਫ ਰੂਹ ਦੇ ਸਕਦੀ ਹੈ

ਰੂਹ ਦੀਆਂ ਅੱਖਾਂ ਖੋਲ ਕੇ ਤੁਰਿਆ ਕਰ
ਨਾ ਨਿੱਕੀ ਨਿੱਕੀ ਗੱਲ ਤੇ ਝੁਰਿਆ ਕਰ
ਇਹ ਦੁਨੀਆ ਦੀ ਸੋਚ ਕੋਝੀ
ਹਰ ਇੱਕ ਨੂੰ ਕੋਝੀ
ਹਰ ਇੱਕ ਨੂੰ ਕੋਝੀ ਦੱਸਦੀ ਐ
ਇਹ ਦਿਲ ਤੋਂ ਗਰੀਬ
ਪਰ ਝੁੱਗੀ ਵਾਲੇ ਨੂੰ ਵੇਖ ਕੇ ਹੱਸਦੀ ਐ
ਇਹ ਨਾ ਸਾਥ ਦੇਵੇ ਕਿਸੇ ਸੱਚੇ ਦਾ
ਝੂਠਿਆਂ ਦਾ ਝੁੰਡ ਵੇਖ ਕੇ
ਉਦੇ ਵੱਲ ਅੱਖਾਂ ਬੰਦ ਕਰ ਨੱਸਦੀ ਐ
ਦੁਨੀਆਂ ਦੀ ਨਾ ਸੋਚ...
ਸੱਚ ਦੇ ਰਾਹ ਤੇ ਤੁਰਿਆ ਕਰ...

ਜਿਹਨ ਨੂੰ ਛੁੱਟੀ ਦੇ ਦੇ...
ਦਿਲ ਤੋਂ ਫੁਰਨੇ ਫੁਰਿਆ ਕਰ...
ਰੂਹ ਦੀ ਗੱਲ ਸੁਣਿਆ ਕਰ...
ਨਾ ਨਿੱਕੀ ਨਿੱਕੀ ਗੱਲ ਤੇ ਝੁਰਿਆ ਕਰ।

# ਜ਼ਿੰਦਗੀ

ਕਿਉਂ ਜ਼ਿੰਦਗੀ ਵਿੱਚ ਚੱਲ ਰਹੇ ਦੁੱਖ ਕਰਕੇ ਉਦਾਸ ਹੈ ਇਹ ਤਾਂ ਜ਼ਿੰਦਗੀ ਦਾ ਹਿੱਸਾ ਨੇ... ਇਹ ਸਦਾ ਨਾਲ ਨਾਲ ਹੀ ਚਲਦੇ ਰਹਿੰਦੇ ਨੇ ਇਹਨਾਂ ਨਾਲ ਜਿਉਣਾ ਸਿੱਖ... ਹੱਸਦੇ ਹੱਸਦੇ ਕੋਸ਼ਿਸ ਕਰ ਵੇਖੀ ਚਾਰ ਦਿਨਾਂ ਦੀ ਜ਼ਿੰਦਗੀ ਸੌਖੀ ਲੰਘ ਜਾਏਗੀ...

ਦੁਨੀਆ ਚਾਰ ਦਿਨਾਂ ਦਾ ਮੇਲਾ...
ਨਾਲ ਨੀ ਜਾਣਾ ਪੈਸਾ ਧੇਲਾ...
ਹਰ ਰਿਸ਼ਤਾ ਦਾ ਵੀ... ਇੱਥੇ ਹੀ... ਛੁੱਟ ਜਾਣਾ...
ਹਰ ਬੰਧਨ ਵੀ... ਟੁੱਟ ਜਾਣਾ...
ਫੇਰ ਕਿਉਂ... ਜਿੰਦ ਤੜਫਾਈ ਏ...
ਖੁਸ਼ ਰਹਿ... ਹਰ ਇੱਕ ਨਾਲ
ਕਿਉਂ... ਹਰ ਗੱਲ ਦਿਲ ਤੇ ਲਾਈ ਏ...
ਇੱਕੋ ਵਾਰ ਮਿਲੀ ਏ ਜ਼ਿੰਦਗੀ...
ਮੌਜਾਂ ਮਾਣ ਲੈ ਕਿਉਂ ਫਿਕਰਾਂ ਵਿੱਚ ਉਲਝਾਈ ਏ...

# ਸਬਰ

ਇਹ ਸੱਚਾਈ ਹੈ ਜ਼ਿੰਦਗੀ ਦੀ... ਜੋ ਕੋਲ ਹੈ ਉਸ ਦੀ ਮਹੱਤਤਾ ਨਹੀਂ ਸਮਝਦੇ ਸਗੋਂ ਹੋਰ ਜਿਆਦਾ ਪਾਉਣ ਦੀ ਲਾਲਚ ਵਿੱਚ ਦੁਖੀ ਰਹਿੰਦੇ ਹਾਂ... ਚਾਹਨਾ ਹੋਣੀ ਚਾਹੀਦੀ ਹੈ ਪਰ ਕਿਸੇ ਹੱਦ ਤੱਕ ਇਨੀਂ ਨਹੀਂ ਕਿ ਜ਼ਿੰਦਗੀ ਜਿਉਣ ਦਾ ਤਰੀਕਾ ਹੀ ਭੁੱਲ ਜਾਈਏ ਤੇ ਖੁਸ਼ੀ ਦੇ ਕੁੱਝ ਪਲ ਵੀ ਗਵਾ ਲਈਏ ਜੋ ਕਦੇ ਵਾਪਿਸ ਨਹੀਂ ਮਿਲਣੇ...

ਜੋ ਮਿਲਿਆ ਉਸਦੀ ਕਿਉਂ ਕਦਰ ਨਹੀਂ ਕਰਦੇ...
ਜੋ ਨਹੀਂ ਮਿਲਿਆ ਉਸਦੇ ਲਈ ਕਿਉਂ ਰਹਿੰਦੇ ਮਰਦੇ...
ਸਬਰ ਕਰਨਾ ਸਿੱਖ ਲਿਓ...
ਏਸੇ ਵਿੱਚ ਭਲਾਈ ਏ...
ਜੋ ਕੋਲ ਨਹੀਂ ਉਸ ਪਿੱਛੇ...
ਕਿਉਂ ਜ਼ਿੰਦਗੀ ਗਵਾਈ ਏ...
ਚੜਦੀ ਕਲਾ ਵਿੱਚ ਰਹਿਣਾ ਸਿੱਖੋ...
ਇਕ ਵਾਰ ਮਿਲੀ ਜ਼ਿੰਦਗੀ ਕਿਉਂ ਫਿਕਰਾਂ ਵਿੱਚ ਪਾਈ ਏ...

# ਨਵਾਂ ਵਰ੍ਹਾ

ਕਈ ਵਾਰ ਇਨਸਾਨ ਆਪਣੀ ਸਾਰੀ ਜ਼ਿੰਦਗੀ ਦੂਜਿਆਂ ਲਈ ਹੀ ਕੱਢ ਦਿੰਦਾ ਹੈ ਆਪਣੇ ਆਪ ਲਈ ਨਹੀਂ ਸੋਚਦਾ... ਫੇਰ ਵੀ ਰੁੱਸਵਾਈ... ਤੇ ਸ਼ਿਕਵੇ ਹੀ ਮਿਲਦੇ ਹਨ ਜਿਨ੍ਹਾਂ ਵਿਚੋਂ ਨਿਕਲ ਕੇ ਕੁੱਝ ਆਪਣੇ ਲਈ ਵੀ ਕਰੀਏ...

ਆ ਏਸ ਵਰੇ ਕੁਝ ਨਵਾਂ ਕਰੀਏ...
ਆ ਕੁਝ ਗੱਲਾਂ... ਇੱਕ ਦੂਜੇ ਨਾਲ ਕਰੀਏ
ਬੀਤ ਗਏ ਵਿੱਚ...
ਸਭ ਦੀ ਸੁਣ ਲਈ...
ਸਭ ਦੀ ਸਹਿ ਲਈ...
ਸਭ ਦੀ ਮੰਨ ਲਈ...
ਆ ਏਸ ਸਾਲ... ਕੁਝ ਮਨਮਰਜ਼ੀ ਕਰੀਏ...
ਆ ਕੁਝ ਗੱਲਾਂ... ਇੱਕ ਦੂਜੇ ਨਾਲ ਕਰੀਏ...
ਏਸ ਵਰੇ ਕੁਝ ਨਵਾਂ ਕਰੀਏ...

# ਹੰਕਾਰ

ਇਨਸਾਨ ਰੱਬ ਨੂੰ ਭੁਲਾ ਕੇ ਖੁਦ ਨੂੰ ਹੀ ਰੱਬ ਸਮਝਣ ਲੱਗ ਜਾਂਦਾ ਹੈ ਹੰਕਾਰ ਵਿੱਚ ਹਰ ਕਿਸੇ ਨੂੰ ਆਪਣੇ ਆਪ ਤੋਂ ਨੀਵਾਂ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਸਦਾ ਇਹ ਸਭ ਜਿਆਦਾ ਦੇਰ ਨਹੀਂ ਰਹਿੰਦਾ ਜੋ ਕੁਦਰਤ ਨੇ ਸਾਨੂੰ ਸਭ ਨੂੰ ਸਾਡੀ ਮਿਹਨਤ ਦਾ ਫਲ ਦਿੱਤਾ ਹੈ ਜੇ ਅਸੀਂ ਉਸ ਕੁਦਰਤ ਤੋਂ ਨੀਵੇਂ ਹੋ ਕੇ ਸ਼ੁਕਰਗੁਜ਼ਾਰ ਨਹੀਂ ਹੋਵਾਂਗੇ ਤਾਂ ਉਹ ਕਦੇ ਵੀ ਆਪਣੇ ਤੋਂ ਇਹ ਸਭ ਖੋ ਸਕਦੀ ਹੈ...

ਏਸ ਹੰਕਾਰ ਨੇ ਤੈਨੂੰ ਰੋਲ ਜਾਣਾ ਬੰਦਿਆ...
ਅਜੇ ਉੱਡਦਾ ਤੂੰ ਵਿੱਚ ਅਸਮਾਨੀ...
ਇੱਕ ਦਿਨ ਡਿੱਗੇਗਾ ਮੂੰਹ ਭਾਰ ਤੂੰ ਬੰਦਿਆ...
ਮੈਂ ਮੇਰੀ... ਨੂੰ ਚੁੱਕੀ ਫਿਰਦਾ...
ਦੂਜਿਆਂ ਨੂੰ ਸਮਝੇ ਗਵਾਰ ਓ ਬੰਦਿਆ...
ਜਿਸ ਦਿਨ ਖੋ ਲਿਆ ਸਭ ਕੁਝ ਰੱਬ ਨੇ...
ਫੇਰ ਟੁੱਟੇਗਾ ਤੇਰਾ ਹੰਕਾਰ ਓ ਬੰਦਿਆ

# ਸੁਪਨੇ ਵਾਲਾ ਪਿੰਡ

ਜਿਸ ਤਰ੍ਹਾਂ ਦੇ ਅਪਨੇ ਦੇਸ ਦੇ ਹਾਲਾਤ ਹਨ ਮੈਂਨੂੰ ਡਰ ਲੱਗਦਾ ਕਿ ਐਹੋ ਜਹੇ ਸੁਪਨੇ ਸੁਪਨੇ ਹੀ ਨਾ ਰਹਿ ਜਾਣ... ਪਰ ਜੇ ਆਪਾਂ ਸਾਰੇ ਰਲ ਕੇ ਕੋਸ਼ਿਸ ਕਰੀਏ ਤਾਂ ਕੁਝ ਵੀ ਨਾਮੁਮਕਿਨ ਨਹੀਂ

ਕਾਸ਼ ਇੱਕ ਪਿੰਡ ਵਿੱਚ ਵੱਸਦੇ ਲੋਕ ਅਜਿਹੇ...
ਜਿੱਥੇ ਜਾਤ ਪਾਤ ਨਾ ਭਰਮ ਹੋਵੇ...
ਜਿੱਥੇ ਹਰ ਕੋਈ ਕਰਦਾ ਹੋਵੇ ਪਿਆਰ ਹਰ ਇੱਕ ਨੂੰ...
ਨਾ ਕੋਈ ਸ਼ਿਕਵਾ... ਨਾ ਸ਼ਿਕਾਇਤ ਹੋਵੇ...
ਜਿੱਥੇ ਇਨਸਾਨ ਹੀ ਵਸਦੇ ਹੋਣ...
ਇਨਸਾਨੀਅਤ ਹੀ ਬੰਦੇ ਦਾ ਧਰਮ ਹੋਵੇ...
ਜਿੱਥੇ ਨਾ ਰਿਸ਼ਵਤ... ਨਾ ਲੁੱਟ... ਨਾ ਬੇਈਮਾਨੀ
ਸਿਰਫ ਮਿਹਨਤ ਨਾਲ ਹੀ ਕਰਮ ਹੋਵੇ
ਕਾਸ਼ ਹਰ ਪਿੰਡ ਵਿੱਚ ਵੱਸਦੇ ਲੋਕ ਅਜਿਹੇ।

# ਭਲੇ ਵੇਲੇ

ਅੱਜ ਦੇ ਸਮੇਂ ਵਿੱਚ ਤੇ ਅੱਜ ਤੋਂ 60...70... ਸਾਲ ਪਹਿਲਾਂ ਦੇ ਸਮੇਂ ਵਿੱਚ ਵੀ ਬਹੁਤ ਫਰਕ ਪਿਆ ਹੈ ਇਨਸਾਨ ਦੀ ਸੋਚ... ਸਮੇਂ ਮੁਤਾਬਿਕ ਬਦਲ ਗਈ ਹੈ... ਸਮੇਂ ਮੁਤਾਬਿਕ ਤਰੱਕੀ ਹੋਈ ਹੈ ਪਰ ਸਮਾਂ ਇਹ ਨਹੀਂ ਸਿਖਾਉਂਦਾ ਕਿ ਕਿਸੇ ਦਾ ਬੁਰਾ ਕਰੋ ਜਾਂ ਕਿਸੇ ਨਾਲ ਈਰਖਾਂ ਕਰੋ... ਸਗੋਂ ਪਰਮਾਤਮਾ ਦਾ ਸ਼ੁਕਰਾਨਾ ਕਰੋ ਤੇ ਹਰ ਇੱਕ ਨਾਲ ਪਿਆਰ ਨਾਲ ਰਹੋ.

ਦਿਨ ੳ ਸੀ ਬੜੇ ਹੀ ਚੰਗੇ...
ਖੁਸ਼ੀ ਖੁਸ਼ੀ ਲੋਕੀ ਕਰਦੇ ਸੀ ਕੰਮ ਧੰਦੇ...
ਇੱਕ ਦੂਜੇ ਦੀ ਪਰਵਾਹ ਸੀ...
ਖੁਸ਼ੀ ਗ਼ਮੀ ਵਿੱਚ ਇਕੱਠੇ...
ਦੁਸ਼ਮਣ ਨਹੀਂ ਬੰਦੇ ਦੇ ਹਾਣੀ ਸੀ ਬੰਦੇ...
ਹੁਣ ਤਾਂ ਈਰਖਾ ਵਿੱਚ ਜ਼ਿੰਦਗੀ ਉਲਝਾਈ ਏ...
ਵਿਸਰ ਗਿਆ ਉਹ ਰੌਣਕ ਮੇਲਾ...
ਦੂਜੇ ਦਾ ਕੰਮ ਕਾਰ ਵੇਖ ਕੇ ਜਿੰਦ ਤੜਫਾਈ ਏ...
ਕਿਉਂ ਇਨਸਾਨ ਇਨਾਂ ਬਦਲ ਗਿਆ...
ਪ੍ਰੀਤ... ਏਹ ਸਮਝ ਨਹੀਂ ਆਈ ਏ...

# ਬਚਪਨ ਵਾਲਾ ਰਾਹ

ਮੇਰੀ ਦੌਲਤ ਲੈ ਲਓ... ਮੇਰੇ ਸਾਹ ਲੈ ਲਿਓ...
ਮੇਰਾ ਬਚਪਨ ਵਾਲਾ... ਰਾਹ ਲੈ ਦਿਓ...
ਉਹ ਵਿਹੜੇ ਦੀ ਡੇਕ ਵਾਲੀ ਠੰਡੀ ਛਾਂ ਲੈ ਦਿਓ...
ਚੁੱਲੇ ਤੇ ਦੀ ਬਣਾਈ ਹੋਈ... ਚਾਹ ਲੈ ਦਿਓ...
ਗੋਦੀ ਚ ਬੈਠਾ ਕੇ... ਪਿਆਰ ਦੇਣ ਵਾਲੀ ਦਾਦੀ ਮਾਂ ਲੈ ਦਿਓ...
ਮੇਰੀ ਦੌਲਤ ਲੈ ਲਉ... ਮੇਰੇ ਸਾਹ ਲੈ ਲਿਓ...
ਮੇਰੇ ਬਚਪਨ ਵਲ ਜਾਂਦੇ ਰਾਹ ਲੈ ਦਿਓ...

# ਬੇ ਫਿਕਰਾ ਬਚਪਨ

ਇਹ ਉਹ ਸਮਾਂ ਜੋ ਕਦੇ ਵਾਪਿਸ ਨਹੀਂ ਆਵੇਗਾ...
ਜਾ ਉੱਡ ਜਾ ਮਨ ਦੇ ਪੰਛੀਆ ਮਾਰ ਉਡਾਰੀ...
ਉੱਡ ਜਾ ਉਹਨਾਂ ਰਾਹਵਾਂ ਵਿੱਚ...
ਜਿੱਥੇ ਇੱਕ ਉਮਰ ਗੁਜ਼ਾਰੀ...
ਉਹ ਮੌਜਾਂ ਮਾਣਦੀ ਜ਼ਿੰਦਗੀ... ਕਿੰਨੀ ਸੀ ਪਿਆਰੀ...
ਨਾ ਫਿਕਰ ਸੀ ਕੋਈ... ਰਹਿੰਦੇ ਸੀ ਬੇਪਰਵਾਹੇ...
ਹੁਣ ਤੇ ਸਭ ਕੁਝ ਬਦਲ ਗਿਆ...
ਪੈ ਗਏ ਵੱਖਰੇ ਹੀ ਰਾਹੇ।

# ਕੱਚੇ ਘਰ

ਕੱਚੀਆਂ ਕੰਧਾਂ... ਕੱਚੇ ਵਿਹੜੇ...
ਕੱਚੇ ਜਦੋਂ ਹੁੰਦੇ ਘਰ ਸੀ...
ਇਕੱਠੇ ਸਾਰੇ ਰਲ ਕੇ ਰਹਿੰਦੇ...
ਨਾ ਅੱਡੋ ਅੱਡ ਦਰ ਸੀ...
ਅੱਜ ਕੱਲ ਪੱਕੇ ਘਰਾਂ ਦੇ ਕੱਚੇ ਰਿਸ਼ਤੇ...
ਵਿਹੜੇ ਵਿੱਚ ਹੋਈਆਂ ਕੰਧਾਂ...
ਦੋ ਭਰਾ ਨੀ ਰਲ ਰਹਿ ਸਕਦੇ...
ਟੁੱਟ ਗਈਆਂ ਮੋਹ ਦੀਆਂ ਤੰਦਾ।

# ਬਜੁਰਗਾਂ ਦੀ ਸੇਵਾ

ਸਮਝਦਾਰ ਖੁਦ ਹੀ ਸਮਝ ਸਕਦੇ ਨੇ ਜੋ ਨਹੀਂ ਸਮਝਣਾ ਚਾਹੁੰਦੇ ਉਹਨਾਂ ਦਾ ਵੀ ਰੱਬ ਭਲਾ ਕਰੇ ਪਰ ਮਾਂ ਪਿਉ ਵਰਗੀ ਰਹਿਮਤ ਦਾ ਸਾਥ ਹਰ ਕਿਸੇ ਨੂੰ ਸਾਰੀ ਉਮਰ ਨਹੀਂ ਮਿਲਦਾ ਤੇ ਜਿਹਨਾਂ ਕੋਲ ਹੈ ਬੇਨਤੀ ਕਰਦੀ ਹਾਂ ਉਹਨਾਂ ਦਾ ਧਿਆਨ ਰੱਖੋ ਜੇਕਰ ਅੱਜ ਸਰੀਰਕ ਤੌਰ ਤੇ ਕਮਜ਼ੋਰ ਨੇ ਆਪਣਾ ਆਪ ਨਹੀਂ ਸੰਭਾਲ ਸਕਦੇ ਤਾਂ ਉਹਨਾਂ ਨੂੰ ਬੋਝ ਨਾ ਸਮਝੋ ਸੋਚੋ ਜੇਕਰ ਅਪਨੇ ਬਚਪਨ ਵਿੱਚ ਉਹ ਆਪਣੀ ਸੰਭਾਲ ਨਾ ਕਰਦੇ ਤਾਂ ਅੱਜ ਆਪਾਂ ਇਨੇ ਜੋਗੇ ਨਹੀਂ ਸੀ ਉਹਨਾਂ ਦੇ ਬਲਿਦਾਨ ਦਾ ਬਦਲਾ ਔਲਾਦ ਸਾਰੀ ਉਮਰ ਨਹੀਂ ਚੁੱਕਾ ਸਕਦੀ

ਕਰਮਾਂ ਨਾਲ ਮਿਲਦੀ ਹੈ ਬਜ਼ੁਰਗਾਂ ਦੀ ਸੇਵਾ...
ਭੁੱਲ ਕੇ ਵੀ ਏਹਨਾਂ ਨੂੰ ਰੋਲੀ ਨਾ...
ਬੱਚਿਆਂ ਵਰਗਾ ਮਨ ਹੋ ਜਾਂਦਾ...
ਕਦੇ ਵੀ ਗ਼ਲਤ ਬੋਲੀ ਨਾਂ...
ਜੇ ਰਹਿਣਾ ਜ਼ਿੰਦਗੀ ਵਿੱਚ ਖੁਸ਼...
ਤਾਂ ਇਹਨਾਂ ਦੀ ਗੱਲ ਮੰਨ ਲਈ...
ਕਦੇ ਵੀ ਤੜਫਾਈ ਨਾ ਥੋੜ੍ਹੇ ਜਿਹੇ ਧਨ ਲਈ...
ਖੁਸ਼ ਰੱਖੀ ਮਾਪਿਆਂ ਨੂੰ ਕਰ ਦੇਈ ਸਾਰੇ ਚਾਅ ਪੂਰੇ...
ਦੇਖੀ ਕਿਤੇ ਚਲੇ ਨਾ ਜਾਣ ਦੁਨੀਆ ਤੋਂ ਲੈ ਕੇ ਚਾਅ ਅਧੂਰੇ।

# ਖ਼ਾਲੀ ਹੱਥ

ਜ਼ਿੰਦਗੀ ਦੀ ਇਹ ਸੱਚਾਈ ਕੋਈ ਚੰਗੇ ਕਰਮਾਂ ਵਾਲਾ ਹੀ ਸਮਝ ਸਕਦਾ ਹੈ

ਮੇਰਾ ਮੇਰਾ ਕਰਦੀ ਦੁਨੀਆ ਕੀ ਤੇਰਾ ਤੇ ਕੀ ਮੇਰਾ...
ਦੇਣ ਵਾਲਾ ਦਿੰਦਾ ਦਾਤਾਂ ਕਰਕੇ ਵੱਡਾ ਜੇਰਾ...
ਖ਼ਾਲੀ ਹੱਥ ਆਇਆ ਬੰਦਿਆ...
ਖ਼ਾਲੀ ਹੀ ਤੁਰ ਜਾਣਾ...
ਜੇ ਭੁੱਲ ਗਿਆ ਇਸ ਗੱਲ ਨੂੰ...
ਤਾਂ ਪਾ ਸਿਵਿਆਂ ਵੱਲ ਫੇਰਾ...
ਫੇਰ ਸਮਝ ਆਊ ਬੰਦਿਆ...
ਸੱਚੀਂ ਕੁੱਝ ਨੀ ਤੇਰਾ ਮੇਰਾ।

# ਸ਼ੁਕਰਾਨਾ

ਸ਼ੁਕਰਨਾ ਕਰਨ ਪਰਮਾਤਮਾ ਦੀਆਂ ਰਹਿਮਤਾਂ ਦਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਜੋ ਕਰ ਸਕਦਾ ਹੈ ਦਿਲ ਤੋਂ ਕਰੇ ਤੇ ਪਰਮਾਤਮਾ ਉਸ ਤੇ ਹੋਰ ਵੀ ਰਹਿਮਤ ਕਰਦੇ ਹਨ

ਵਾਹਿਗੁਰੂ ਜੀ ਤੁਸਾਂ ਸਭ ਕੁਝ ਦਿੱਤਾ...
ਅਸੀਂ ਫੇਰ ਵੀ ਤੁਹਾਡਾ ਸ਼ੁਕਰਾਨਾ ਨਹੀਂ ਕੀਤਾ...
ਮੇਰੀ ਮੇਰੀ ਕਰਦੇ ਇੱਕੋ ਰਟ ਲਗਾਈ...
ਦਾਤਾਂ ਦੇਣ ਵਾਲੇ ਨੂੰ ਬੈਠੇ ਮਨੋ ਭੁਲਾਈ...
ਭੁੱਲਾਂ ਚੁੱਕਾਂ ਕਰਦੇ ਅਸੀਂ ਪਾਪੀ ਭਾਰੇ...
ਮਾਫ਼ ਕਰੋ ਮੇਰੇ ਦਾਤਾ ਜੀ ਤੁਸੀਂ ਬਖਸ਼ਣਹਾਰੇ

# ਰੁਲਦਾ ਕਿਸਾਨ

ਜਦੋ ਜਨਤਾ ਦੀ ਆਪਣੀ ਬਣਾਈ ਸਰਕਾਰ ਹੀ ਜਨਤਾ ਦੇ ਦੁੱਖ ਨਾ ਸਮਝੇ ਤਾਂ ਕੀ ਫਾਇਦਾ ਐਹੋ ਜਹੀ ਸਰਕਾਰ ਦਾ ਬਹੁਤ ਕੁੱਝ ਗ਼ਲਤ ਹੋ ਰਿਹਾ ਹੈ ਫਿਰ ਵੀ ਉਹੀ ਪਾਰਟੀ ਦੀ ਸਰਕਾਰ ਦੁਬਾਰਾ ਲੋਕਾਂ ਵਲੋਂ ਹੀ ਬਣਾ ਦਿੱਤੀ ਜਾਂਦੀ ਹੈ ਅੱਜ ਕੱਲ ਜਿਵੇਂ ਦੇ ਘਪਲੇ ਭਾਰਤ ਵਿੱਚ ਹੋ ਰਹੇ ਹਨ ਹੋ ਸਕਦਾ ਕਿਸ ਪਾਰਟੀ ਦੀ ਸਰਕਾਰ ਬਣਨੀ ਹੈ ਇਹ ਵੀ ਸਰਕਾਰ ਦੇ ਹੱਥ ਵਿੱਚ ਹੋਵੇ ਜੇ ਇਵੇਂ ਹੀ ਹੈ ਤਾਂ ਦੇਸ਼ ਦਾ ਕੁਝ ਵੀ ਭਲਾ ਨਹੀਂ ਹੋ ਸਕਦਾ...

ਕਿਸਾਨ ਕਰਕੇ ਸਭ ਕੁਝ ਵੇਖ ਲਿਆ<br>
ਸਾਡੇ ਕੁਝ ਨੀ ਪੱਲੇ...<br>
ਕਰਜ਼ੇ ਹੇਠਾਂ ਆ ਗਏ...<br>
ਟਰੈਕਟਰ... ਜਮੀਨ... ਘਰ ਸਭ ਬੈਂਕ ਨੇ ਮੱਲੇ...<br>
ਸਾਡੀ ਸਾਰ ਨਾਂ ਲੈਂਦਾ ਕੋਈ...<br>
ਅਸੀਂ ਰਹਿਗੇ ਕੱਲੇ... ਹੋਗੇ ਝੱਲੇ...<br>
ਕੁਝ ਨੀ ਪੱਲੇ... ਕਰਦੀ ਨੀ ਕੁਝ ਸਰਕਾਰੇ ਸਭ ਤੇਰੀ ਚੱਲੇ...<br>
ਹੁਣ ਅਸੀਂ ਤੇ ਲੈ ਕੇ ਫਾਹੇ... ਦੁਨੀਆ ਤੋਂ ਚੱਲੇ...<br>
ਨੀ ਸਾਡੇ ਕੁਝ ਨੀ ਪੱਲੇ... ਕੁਝ ਨੀ ਪੱਲੇ...

# ਕਰਜ਼

ਫੁਕਰਪੁਣੇ ਵਿੱਚ ਲੋਕੋ ਨਾਂ ਕਰਜ਼ ਵਧਾਓ...
ਧੀ ਪੁੱਤ ਦੇ ਵਿਆਹ ਸਾਦੇ ਕਰਵਾਓ...
ਨਾ ਦਾਜ ਲਿਓ... ਨਾ ਦਿਉ...
ਏਹ ਰੀਤ ਬਣਾਓ...
ਇਕ ਦੋ ਦਿਨ ਦੇ ਦਿਖਾਵੇ
ਕਿਸੇ ਕੰਮ ਨੀ ਆਉਣੇ...
ਜੇ ਸੋਚ ਸਮਝ ਕੇ ਚਲਦੇ...
ਨਾ ਪੈਣੇ ਸੀ ਫਾਹੇ ਲਾਉਣੇ।

# ਸੁਪਨੇ ਵਾਲਾ ਪਿੰਡ

ਜਿਸ ਤਰਾਂ ਦੇ ਅਪਨੇ ਦੇਸ ਦੇ ਹਾਲਾਤ ਹਨ ਮੈਂਨੂੰ ਡਰ ਲੱਗਦਾ ਕਿ ਐਹੋ ਜਹੇ ਸੁਪਨੇ ਸੁਪਨੇ ਹੀ ਨਾ ਰਹਿ ਜਾਣ... ਪਰ ਜੇ ਸਭ ਰਲ ਕੇ ਕੋਸ਼ਿਸ ਕਰੀਏ ਤਾਂ ਕੁੱਝ ਵੀ ਨਾਮੁਮਕਿਨ ਨਹੀਂ ਆਓ ਆਪਣੇ ਘਰ ਤੋਂ ਸ਼ੁਰਆਤ ਕਰੀਏ ਆਪਣੇ ਪਿੰਡ ਨੂੰ ਆਪਣੇ ਪੰਜਾਬ ਨੂੰ ਆਪਣੇ ਦੇਸ਼ ਨੂੰ ਇਨਸਾਨੀਅਤ ਦਾ ਦੇਸ਼ ਬਣਾਈਏ...

ਕਾਸ਼ ਇੱਕ ਪਿੰਡ ਵਿੱਚ ਵੱਸਦੇ ਲੋਕ ਅਜਿਹੇ...
ਜਿੱਥੇ ਜਾਤ ਪਾਤ ਨਾ ਭਰਮ ਹੋਵੇ...
ਜਿੱਥੇ ਹਰ ਕੋਈ ਕਰਦਾ ਹੋਵੇ ਪਿਆਰ ਹਰ ਇੱਕ ਨੂੰ...
ਨਾ ਕੋਈ ਸ਼ਿਕਵਾ... ਨਾ ਸ਼ਿਕਾਇਤ ਹੋਵੇ...
ਜਿੱਥੇ ਇਨਸਾਨ ਹੀ ਵਸਦੇ ਹੋਣ...
ਇਨਸਾਨੀਅਤ ਹੀ ਬੰਦੇ ਦਾ ਧਰਮ ਹੋਵੇ...
ਜਿੱਥੇ ਨਾ ਰਿਸ਼ਵਤ... ਨਾ ਲੁੱਟ... ਨਾ ਬੇਈਮਾਨੀ
ਸਿਰਫ ਮਿਹਨਤ ਨਾਲ ਹੀ ਕਰਮ ਹੋਵੇ
ਕਾਸ਼ ਹਰ ਪਿੰਡ ਵਿੱਚ ਵੱਸਦੇ ਲੋਕ ਅਜਿਹੇ।

# ਬਲਾਤਕਾਰ

ਕਮੀ ਹੈ ਆਪਣੇ ਦੇਸ਼ ਵਿੱਚ ਸਹੀ ਢੰਗ ਦੀ ਸਿੱਖਿਆ ਦੀ ਜੋ ਨਾ ਤਾਂ ਮਾਂ ਬਾਪ ਵੱਲੋ ਦਿੱਤੀ ਜਾਂਦੀ ਹੈ ਨਾ ਹੀ ਅਧਿਆਪਕਾਂ ਵਲੋਂ ਮੈਂ ਨਹੀਂ ਲਿਖਦੀ ਕਿ ਸਾਰੇ ਹੀ ਗ਼ਲਤ ਨੇ ਪਰ ਕਿਤੇ ਨਾ ਕਿਤੇ ਆਪਣਾ ਸਭ ਦਾ ਫ਼ਰਜ਼ ਬਣਦਾ ਹੈ ਬੱਚਿਆ ਨੂੰ ਚੰਗੀ ਸੋਚ ਦੇਣ ਦਾ ਸਹੀ ਤੇ ਗਲਤ ਦਾ ਫਰਕ ਦੱਸਣ ਦਾ ਫਰਕ ਦੱਸਣ ਦਾ ਜੇ ਸੋਚ ਚੰਗੀ ਹੋਵੇਗੀ ਤਾਂ ਐਹੋ ਜਹੇ ਹਾਲਾਤਾਂ ਦਾ ਕਿਸੇ ਵੀ ਧੀ ਜਾਂ ਪੁੱਤ ਨੂੰ ਸਾਹਮਣਾ ਨਹੀਂ ਕਰਨਾ ਪਵੇਗਾ

ਪੜੇ ਲਿਖੇ... ਅੱਜ ਬੇਰੁਜ਼ਗਾਰ...
ਅਸੀਂ ਸਹਿ ਗਏ...
ਅੰਨ ਦਾਤਾ ਅੱਜ ਕਰਜ਼ਦਾਰ...
ਅਸੀਂ ਸਹਿ ਗਏ,
ਮਹਿੰਗਾਈ ਦੀ ਮਾਰ ਅਸੀਂ ਸਹਿ ਗਈ...
ਲੀਡਰ ਕਰਦੇ ਵਾਅਦੇ ਹਰ ਵਾਰ...
ਭੁੱਲਦੇ ਹਰ ਵਾਰ ਅਸੀਂ ਸਹਿ ਗਏ...
ਲੋਕਾਂ ਦੇ ਵਿਚਾਰ ਬਦਲ ਗਏ...
ਫੇਰ ਵੀ ਇਕੋ ਸਰਕਾਰ...
ਘਪਲਾ ਵੱਡਾ ਪਰ ਅਸੀਂ ਸਹਿ ਗਏ.
ਬੇਰੁਜ਼ਗਾਰੀ... ਕਰਜ਼ਦਾਰੀ... ਮਹਿੰਗਾਈ ਘਪਲੇ
ਅਸੀਂ ਸਭ ਸਹਿ ਗਏ...
ਪਰ ਹੱਦ ਤੋਂ ਵੱਧ ਹੋ ਗਈ...

ਹੁਣ ਉੱਠੋ ਸਭ ਸੋਈ ਹੋਈ ਜ਼ਮੀਰ ਜਗਾ ਲਓ ਲੋਕੋ...
ਇਨਾਂ ਹਵਸ ਦੇ ਦਰਿੰਦਿਆਂ ਤੋਂ ਧੀਆਂ ਬਚਾਅ ਲਓ ਲੋਕੋ...
ਸਰਕਾਰ ਨੇ ਕੁਝ ਨਹੀਂ ਕਰਨਾ...
ਮੰਤਰੀ ਜੇਬਾਂ ਭਰਨ ਜੋਗੇ ਰਹਿ ਗੇ ਨੇ.
ਮੈਂਨੂੰ ਦੁੱਖ ਹੈ ਦੁੱਖ ਹੈ ਬੱਸ ਏਹੋ ਬੋਲਣ ਜੋਗੇ ਰਹਿ ਗਏ ਨੇ...
ਉੱਠੋ ਆਪਣੇ ਘਰ ਨੂੰ ਆਪ ਬਚਾਅ ਲਓ...
ਲੁੱਟਦੀ ਪੱਤ ਧੀਆਂ ਦੀ ਖੁਦ ਹੀ ਬਚਾਅ ਲਓ...
ਉਹ ਮੁੰਡੇ ਵਾਲਿਓ ਤੁਸੀਂ ਵੀ ਆਪਣੇ ਮੁੰਡੇ ਸਮਝਾ ਲੋ...
ਨਿੱਕੀਆਂ ਮਾਸੂਮ ਬੱਚੀਆਂ ਤੁਸੀਂ ਬਚਾਅ ਲਓ...
ਤੁਸੀਂ ਖੁਦ ਬਚਾਅ ਲਓ...

# ਚੰਗੀ ਸੋਚ

ਇਹ ਮੇਰੀ ਲਿਖੀ ਪਹਿਲੀ ਕਵਿਤਾ ਹੈ
ਤੇਰੀ ਸੋਚ... ਮੇਰੀ ਸੋਚ... ਸਾਡੀ ਸੋਚ... ਤੁਹਾਡੀ ਸੋਚ
ਪਰ ਸਭ ਦੀ ਅਲੱਗ ਸੋਚ... ਕਿਉਂ?
ਆਓ ਗਿਆਨ ਵਧਾਇਏ...
ਸਭ ਦੀ ਸੋਚ ਵਧੀਆ ਬਣਾਈਏ...
ਫੇਰ...ਤੇਰੀ ਸੋਚ... ਮੇਰੀ ਸੋਚ...
ਸਾਡੀ ਸੋਚ... ਤੁਹਾਡੀ ਸੋਚ... ਪਰ ਹੋਵੇਗੀ ਇੱਕ ਸੋਚ...

# ਦਲੇਰ

ਪੰਜਾਬ ਵਿੱਚ ਸਮੇਂ ਸਮੇਂ ਤੇ ਕੋਈ ਨਾ ਕੋਈ ਮੁਸੀਬਤ ਬਣੀ ਹੈ ਤੇ ਹਰ ਵਾਰ ਕੋਈ ਨਾ ਕੋਈ ਜ਼ਰੂਰ ਹਿਮੰਤ ਵਾਲਾ ਦਲੇਰ ਕੁਦਰਤ ਦੀਆਂ ਰਹਿਮਤਾਂ ਨਾਲ ਭਰਪੂਰ ਇਨਸਾਨ ਅੱਗੇ ਹੋ ਕੇ ਮਜ਼ਲੂਮਾਂ ਦੀ ਅਗਵਾਈ ਕਰਦਾ ਰਿਹਾ ਹੈ ਹੁਣ ਵੀ ਲੱਗਦਾ ਹੈ ਕਿ ਐਹੋ ਜਹੇ ਇਨਸਾਨ ਦੀ ਆਪਣੇ ਪੰਜਾਬ ਨੂੰ ਲੋੜ ਹੈ ਜਾਂ ਫਿਰ ਹਰ ਇਨਸਾਨ ਹੀ ਇਨਾਂ ਦਲੇਰ ਬਣ ਜਾਵੇ ਕਿ ਕਿਸੇ ਦੇ ਸਹਾਰੇ ਦੀ ਲੋੜ ਹੀ ਨਾ ਪਵੇ

ਜਨੂੰਨ ਨਾਲ ਲੜਾਈ ਲੜੇ...
ਉਡੀਕ ਦੇ ਦੀਵਾਨਿਆਂ ਨੂੰ...
ਖ਼ੂਨ ਦੇ ਦੀਵੇ ਬਾਲ ਦੇ...
ਲੱਭਦੇ ਨਿਸ਼ਾਨਿਆਂ ਨੂੰ...
ਲੈ ਲਏ ਇਨਸਾਫ ਕਦੇ...
ਕੋਈ ਜਿਗਰੇ ਦਲੇਰ ਵਾਲਾ...
ਸਦੀਆਂ ਬੀਤ ਗਈਆਂ...
ਉਡੀਕ ਦੇ ਜਮਾਨੀਆਂ...
ਮਿਲ ਜਾਏ ਮਾਧੋ ਦਾਸ...
ਬਣ ਕੇ ਬੈਰਾਗੀ ਜਿਹਾ...
ਤੁਰ ਪਵੇ ਬਹਾਦੁਰ ਬੰਦਾ ਬਣ...
ਲੈ ਗੁਰੂ ਜੀ ਦਾ ਸਾਥ...
ਪੰਜਾਬ ਉਡੀਕਦਾ ਐਹੋ ਜਹੇ ਦੀਵਾਨਿਆਂ ਨੂੰ...

# ਪੁਰਾਣਾ ਘਰ

ਜਿਵੇਂ ਜਿਵੇਂ ਸਮਾਂ ਬਦਲਦਾ ਗਿਆ ਲੋਕਾਂ ਦੀ ਸੋਚ ਤੇ ਪਸੰਦ ਵੀ ਬਦਲ ਗਈ ਪੁਰਾਣੇ ਘਰਾਂ ਨੂੰ ਸੰਵਾਰਨ ਦੀ ਜਗ੍ਹਾ ਢਾਹ ਕੇ ਨਵੇਂ ਢੰਗ ਦੇ ਮਕਾਨ ਉਸਾਰ ਲਏ ਗਏ... ਜਿੱਥੇ ਹਰ ਇੱਕ ਦਾ ਆਪਣਾ ਆਪਣਾ ਕਮਰਾ ਹੋ ਗਿਆ ਤੇ ਸਾਰਾ ਪਰਿਵਾਰ ਇੱਕ ਹਾਲ ਕਮਰੇ ਵਿੱਚ ਬੈਠਣ ਦੀ ਜਗ੍ਹਾ ਆਪਣੇ ਆਪਣੇ ਕਮਰਿਆਂ ਜੋਗਾ ਰਹਿ ਗਿਆ... ਉਹ ਮੌਜਾਂ ਮਾਣਦੀ ਜ਼ਿੰਦਗੀ ਕਿਤੇ ਹੀ ਵਿਸਰ ਗਈ ਨਾ ਉਹ ਘਰ ਨੇ ਨਾ ਉਹ ਆਪਣਾਪਨ ਰਿਹਾ

ਉਹ ਪਿੰਡ ਵਾਲਾ ਪੁਰਾਣਾ ਘਰ ਬੜਾ ਯਾਦ ਆਉਂਦਾ ਏ...
ਦਾਦੀ ਦਾ ਸੁਪਨਾ ਦਿਲ ਨੂੰ ਹੌਲ ਜਿਹਾ ਪਾਉਂਦਾ ਏ...
ਭੈਣ ਭਰਾਵਾਂ ਨਾਲ ਬਚਪਨ ਦੀਆਂ ਖੇਡਾਂ...
ਤੇ ਉਹ ਵਿਹੜੇ ਵਾਲੀ ਡੇਕ ਤੇ ਪੀਂਘ ਦਾ ਹੁਲਾਰਾ...
ਬੜਾ ਯਾਦ ਆਉਂਦਾ ਏ...
ਨਿੱਕੀਆਂ ਨਿੱਕੀਆਂ ਸ਼ਰਾਰਤਾਂ ਕਰ ਮਾਂ ਨੂੰ ਸਤਾਉਣਾ...
ਮਾਂ ਬੀਮਾਰ ਹੋਣ ਤੇ ਬਾਪੂ ਦਾ ਸਾਡਾ ਸਿਰ ਬੋਹਨਾ...
ਤੇ ਉਹ ਰਾਤ ਨੂੰ ਦਾਦੀ ਦਾ ਬਾਤਾਂ ਸੁਣਾ ਕੇ ਸਲੌਣ...
ਸਵੇਰੇ ਮੰਜੇ ਤੇ ਅੱਧ ਸੁੱਤਿਆਂ ਨੂੰ ਚਾਹ ਪਿਲੌਣਾ
ਬੜਾ ਯਾਦ ਆਉਂਦਾ ਏ...
ਉਹ ਪਿੰਡ ਵਾਲਾ ਪੁਰਾਣਾ ਘਰ ਬੜਾ ਯਾਦ ਆਉਂਦਾ ਏ।

# ਲਿਆਕਤ

ਇਨਸਾਨ ਦੀ ਫਿਤਰਤ ਹੈ ਖੁਦ ਨੂੰ ਛੱਡ ਕੇ ਕਿਸੇ ਦੂਜੇ ਇਨਸਾਨ ਦੇ ਗੁਣ ਛੱਡ ਕੇ ਔਗੁਣ ਵਾਰੇ ਗੱਲਾਂ ਕਰਨੀਆਂ... ਚੰਗਾ ਤਾਂ ਉਦੋਂ ਹੋਵੇ ਜਦੋਂ ਅਸੀਂ ਆਪਣੇ ਔਗੁਣ ਤੇ ਦੂਜਿਆਂ ਦੇ ਗੁਣਾਂ ਵਲ ਧਿਆਨ ਦੇਣ ਦੀ ਕੋਸ਼ਿਸ ਕਰੀਏ

ਕਿਸੇ ਦੂਜੇ ਨੂੰ ਜੱਜ ਕਰਨ ਤੋਂ ਪਹਿਲਾਂ
ਖੁਦ ਨੂੰ ਪੜਿਆ ਕਰ...
ਕਿਉਂ ਕਿਸੇ ਵਾਰੇ ਮਾੜਾ ਬੋਲਦਾ...
ਖੁਦ ਦੀ ਕਿਤਾਬ ਤੇ
ਲਿਆਕਤ ਦੇ ਮੋਤੀ ਜੜਿਆ ਕਰ...

# ਜ਼ਿੰਦਗੀ

ਜ਼ਿੰਦਗੀ ਇੱਕ ਭਰਮ ਹੈ ਜੋ ਇੱਕ ਦਿਨ ਟੁੱਟ ਜਾਣਾ ਹੈ ਜ਼ਿੰਦਗੀ ਵਿੱਚ ਕੀ ਹੋਣਾ ਅੱਗੇ ਇਸ ਦਾ ਭੇਤ ਅੱਜ ਤੱਕ ਕੋਈ ਨਹੀਂ ਪਾ ਸਕਿਆ... ਜੋ ਬੀਤ ਗਿਆ ਉਸ ਨੂੰ ਸੋਚ ਕੇ ਕੋਈ ਫਾਇਦਾ ਨਹੀਂ ਜੋ ਬੀਤ ਗਿਆ ਸੋ ਬੀਤ ਗਿਆ ਸਮਾਂ ਮੁੜ ਵਾਪਿਸ ਨਹੀਂ ਆਉਣਾ ਨਾ ਹੀ ਕੁੱਝ ਗ਼ਲਤ ਹੋ ਚੁੱਕੇ ਨੂੰ ਸੰਵਾਰ ਸਕਦੇ ਹਾਂ... ਸਿਰਫ ਅੱਜ ਹੀ ਆਪਣੇ ਹੱਥ ਵਿੱਚ ਹੈ ਅੱਜ ਵਿੱਚ ਜਿਉਣਾ ਸਿੱਖ ਜਾਵਾਂਗੇ ਤੇ ਆਉਣ ਵਾਲਾ ਕੱਲ ਤੇ ਬੀਤ ਚੁੱਕਿਆ ਕੱਲ ਦੋਨੋ ਹੀ ਸੰਵਰ ਜਾਣਗੇ

ਕਿਨੂੰ ਪਤਾ ਜ਼ਿੰਦਗੀ ਜਿਉਣੀ ਕਿਵੇਂ ਆ
ਤਾਣੀ ਉਲਝੀ ਸੁਲਝਾਉਣੀ ਕਿਵੇਂ ਆ
ਚੰਗਾ ਆ ਬਿਨ ਅਤੀਤ ਨੂੰ ਸੋਚੇ ਜਿਉਂਦਾ ਜਾ
ਖੁਦ ਦੇ ਜ਼ਖਮ ਲਕਾਉਂਦਾ ਜਾ
ਦੁਨੀਆ ਨੂੰ ਹਸਾਉਂਦਾ
ਖੁਦ ਨੂੰ ਭਰਮਾਉਂਦਾ ਜਾ
ਨਾਂ ਬੋਲ... ਨਾਂ ਰੋ... ਬਸ ਮੁਸਕਰਾਉਂਦਾ ਜਾ।

# ਕੋਈ ਨਹੀਂ ਸਹਾਰਾ

ਕਈ ਵਾਰ ਜ਼ਿੰਦਗੀ ਵਿੱਚ ਹਾਲਾਤ ਇਵੇਂ ਦੇ ਹੋ ਜਾਂਦੇ ਨੇ ਕਿ ਇਨਸਾਨ ਖੁਦ ਨੂੰ ਇਕੱਲਾ ਸਮਝ ਕੇ ਕਿਸੇ ਹਨੇਰੇ ਦੀ ਭਟਕਣ ਵਿੱਚ ਗੁਆਚ ਜਾਂਦਾ ਹੈ ਪਤਾ ਹੀ ਨਹੀਂ ਲੱਗਦਾ ਕਦੋਂ ਇਹ ਹਨੇਰਾ ਉਸ ਨੂੰ ਸਦਾ ਲਈ ਖੁਸ਼ੀਆਂ ਤੋਂ ਦੂਰ ਕਰ ਦਿੰਦਾ ਹੈ ਪਰ ਅਰਦਾਸ ਕਰਦੀ ਹਾਂ ਜੇ ਕਿਸੇ ਤੇ ਕਦੇ ਇਵੇਂ ਦੇ ਹਾਲਾਤ ਬਣਦੇ ਹਨ ਤਾਂ ਉਹ ਸੰਭਲ ਜਾਵੇ ਤੇ ਖੁਦ ਦਾ ਸਾਹਾਰਾ ਖੁਦ ਬਣੇ ਕਿਸੇ ਦੇ ਆਸਰੇ ਜ਼ਿੰਦਗੀ ਦੀ ਕਿਸ਼ਤੀ ਨੂੰ ਕਿਨਾਰੇ ਲਾਉਣ ਦੀ ਕੋਸ਼ਿਸ ਨਾ ਕਰੇ

ਅੱਜ ਏਦਾਂ ਲੱਗਦਾ ਕਿ ਪੈਰਾ ਨੀਚੇ ਧਰਤੀ ਨਹੀਂ...
ਕੋਈ ਸਹਾਰਾ ਨਹੀਂ... ਗਿਰ ਰਹੀ ਆ ਮੈ...
ਕੋਈ ਬਚਾਉਣ ਵਾਲਾ ਨਹੀਂ...
ਆਲੇ ਦੁਆਲੇ ਕੁਝ ਨਹੀਂ...
ਜਿਸ ਨੂੰ ਫੜ ਕੇ ਡਿੱਗਣ ਤੋਂ ਬਚ ਜਾਵਾਂ...
ਨੀਚੇ ਹੀ ਨੀਚੇ... ਹਨੇਰੇ ਵਿਚ...
ਗਿਰਦੀ ਜਾ ਰਹੀ ਆ ਮੈ...
ਕੋਈ ਨਹੀਂ... ਕੋਈ ਨਹੀਂ... ਕੋਈ ਨਹੀਂ... ਸਹਾਰਾ...

# ਰੱਬ ਤੇ ਨਹੀਂ ਮੈਂ

ਸਮਾਂ ਕਈ ਵਾਰ ਇਨਸਾਨ ਨੂੰ ਇਹੋ ਜਿਹੇ ਮੋੜ ਤੇ ਲਿਆ ਕੇ ਖੜਾ ਕਰ ਦਿੰਦਾ ਹੈ ਜਿੱਥੇ ਉਹ ਨਾ ਸਹਿ ਸਕਦਾ ਹੈ ਨਾ ਬੋਲ ਕੇ ਆਪਣੇ ਅਹਿਸਾਸ ਕਿਸੇ ਨੂੰ ਦੱਸ ਸਕਦਾ ਹੈ ਜੇ ਬੋਲਦਾ ਹੈ ਤਾਂ ਉਸ ਦੇ ਬੋਲਣ ਦੀ ਵੀ ਕੋਈ ਅਹਿਮੀਅਤ ਨਹੀਂ ਮੰਨੀ ਜਾਂਦੀ...

ਰੱਬ ਤੇ ਨਹੀਂ ਮੈਂ:
ਕਦੇ ਕਦੇ ਡੋਲ ਜਾਨੀ ਆ...
ਪਰ ਸਦਾ ਅਡੋਲ ਰਹਾਂ... ਰੱਬ ਤੇ ਨਹੀਂ ਮੈ...
ਕਦੇ ਕਦੇ ਰੋਨੀ ਆ...
ਸਦਾ ਖੁਸ਼ ਰਹਾਂ... ਰੱਬ ਤੇ ਨਹੀਂ ਮੈਂ...
ਕਦੇ ਕਦੇ ਉਦਾਸ ਹਾਂ...
ਕਿਸੇ ਦੀ ਗੱਲ ਦਾ ਬੁਰਾ ਨਾ ਮਨਾਵਾਂ... ਰੱਬ ਤੇ ਨਹੀਂ ਮੈ...
ਸਭ ਦੀ ਸੁਣਾ...
ਆਪਣੀ ਨਾ ਸੁਣਾਵਾ... ਚੁੱਪ ਰਹਾਂ... ਇਨਸਾਨ ਹਾਂ...
ਚੁੱਪ ਚਾਪ ਸਭ ਦੇਖੀ ਜਾਵਾਂ... ਰੱਬ ਤੇ ਨਹੀਂ ਮੈਂ

# ਰੂਹ ਦੀ ਚੀਖ

ਆਪਣੇ ਆਲੇ ਦੁਆਲੇ ਕਦੇ ਕਿਸੇ ਚੁੱਪ ਜਹੇ ਇਨਸਾਨ ਨੂੰ ਵੇਖੋ ਉਸ ਨਾਲ ਗੱਲ ਕਰੋ ਉਸਦੀ ਦੁੱਖ ਨੂੰ ਸੁਣੋ ਸਮਝੋ ਹੋ ਸਕਦਾ ਉਸ ਦੇ ਅੰਦਰ ਦੀ ਤਕਲੀਫ ਨੂੰ ਕੁਝ ਰਾਹਤ ਮਿਲ ਸਕੇ...

ਕਦੇ ਰੂਹ ਚੀਖਦੀ ਸੁਣੀ ਆ...
ਚਿਹਰੇ ਦੀ ਖਾਮੋਸ਼ੀ ਦੇਖ ਕੇ ਹਰ ਕੋਈ ਸੋਚਦਾ...
ਏਹ ਬੜੀ ਚੁੱਪ ਰਹਿੰਦੀ ਐ...
ਪਰ ਦਿਲ ਦੀ ਗੱਲ ਕੋਈ ਨਹੀਂ ਜਾਣਦਾ...
ਰੂਹ ਤੜਫਦੀ ਹੈ ਮੇਰੀ ਏਹ ਕੋਈ ਨਹੀਂ ਸਮਝਦਾ
ਕੋਈ ਨਹੀਂ ਸੁਣਦਾ ਰੂਹ ਦੀ ਚੀਖ।

# ਜ਼ਿੰਦਗੀ

ਇੱਕ ਵਾਰ ਮਿਲੀ ਆ ਜ਼ਿੰਦਗੀ...
ਦੂਜੀ ਵਾਰ ਨਹੀਂ ਮਿਲਣ...
ਲੱਘਦੀ ਜਾਂਦੀ ਪਲ ਪਲ...
ਕੀ ਪਤਾ ਕਦੋਂ ਮੁੱਕ ਜਾਣੀ ਜ਼ਿੰਦਗੀ...
ਖੁਸ਼ੀ ਖੁਸ਼ੀ ਜੀ ਲੈ ਸੱਜਣਾਂ
ਹੱਸ ਲੈ ਖੇਡ ਲੈ ਮੌਜਾਂ ਮਾਣ ਲੈ...
ਪਤਾ ਨਹੀਂ ਕਦੋਂ ਰੁੱਸ ਜਾਣੀ ਜ਼ਿੰਦਗੀ...

# ਫਿਕਰ ਹਰਾ ਕੇ

ਕਈ ਵਾਰ ਇਨਸਾਨ ਇਨਾਂ ਬੇ ਹਿਮੰਤ ਹੋ ਜਾਂਦਾ ਹੈ ਕਿ ਕੁੱਝ ਵੀ ਕਰਨ ਦੀ ਕੋਸ਼ਿਸ ਨਹੀਂ ਕਰਦਾ ਜਦਕਿ ਸੁਪਨੇ ਇਨੇ ਵੱਡੇ ਵੱਡੇ ਸੋਚਦਾ ਹੈ ਪਰ ਜਿਨਾਂ ਸਮਾਂ ਮਿਹਨਤ ਨਾਲ ਹਿਮੰਤ ਨਾਲ ਕੋਸ਼ਿਸ ਨਹੀਂ ਕਰਦਾ ਕੁੱਝ ਨਹੀਂ ਹੋ ਸਕਦਾ... ਇਸ ਲਈ

ਕਦੇ ਕੁਝ ਪਾਅ ਕੇ ਤਾਂ ਵੇਖ...
ਕਦੇ ਕੁਝ ਗੁਆ ਕੇ ਤਾਂ ਵੇਖ...
ਜ਼ਿੰਦਗੀ ਨਾਲ ਦੁੱਖ ਸੁੱਖ ਨਿਭਾ ਕੇ ਤਾਂ ਵੇਖ...
ਕਿਸਮਤ ਆਪਣੀ ਅਜ਼ਮਾ ਕੇ ਤਾਂ ਵੇਖ...
ਬੈਠ ਕੇ ਵਖਤ ਗੁਆਉਣ ਨਾਲੋਂ...
ਮਿਹਨਤ ਨਾਲ ਕੁਝ ਕਮਾਠ ਕੇ ਤਾਂ ਵੇਖ...
ਅੱਖਾਂ ਖੋਲ ਕੇ ਵੇਖੇ ਸੁਪਨੇ ਸੱਚ ਬਣਾ ਕੇ ਤਾਂ ਵੇਖ...
ਸਕੂਨ ਭਰੀ ਜ਼ਿੰਦਗੀ ਜੀ...
ਫ਼ਿਕਰ ਹਰਾ ਕੇ ਤਾਂ ਵੇਖ...

# ਜ਼ਿੰਦਗੀ

ਤੇਰੇ ਹੌਸਲੇ ਵਿੱਚ ਤੇਰੀ ਜਿੱਤ ਹੈ...
ਤੇਰੀ ਨਿਰਾਸ਼ਾ ਵਿੱਚ ਤੇਰੀ ਹਾਰ ਹੈ...
ਹਿਮੰਤ ਨਾਲ... ਹੌਸਲੇ ਨਾਲ... ਖੁਸ਼ੀ ਨਾਲ...
ਜ਼ਿੰਗੀ ਜੀ ਕੇ ਤਾਂ ਵੇਖ...
ਜ਼ਿੰਦਗੀ ਨੂੰ ਵੀ ਤੇਰੇ ਨਾਲ ਕਿੰਨਾ ਪਿਆਰ ਏ...

# ਕਿਸਮਤ

ਕੋਈ ਵੀ ਰਿਸ਼ਤਾ ਬਹੁਤ ਖੂਬਸੂਰਤੀ ਨਾਲ ਨਿਭਾਇਆ ਜਾ ਸਕਦਾ ਹੈ ਜੇਕਰ ਨੀਯਤ ਸਾਫ ਹੋਵੇ

ਕਿਸਮਤ ਨਾਲ ਮਿਲੇ ਆਪਾਂ ਦੋਵੇਂ...
ਤੋੜ ਨਿਭਾਈ ਰਿਸ਼ਤਾ ਤੂੰ ਵੀ ਦਿਲ ਨਾਲ...
ਨੀਯਤ ਸਾਫ ਰੱਖੀ... ਦਿਲ ਵਿੱਚ ਪਿਆਰ ਰੱਖੀ...
ਧੋਖੇ ਤੋਂ ਗੁਰੇਜ਼ ਰੱਖੀ...
ਮਤਲਵ ਖੋਰੀ ਤੋਂ ਪ੍ਰਹੇਜ਼ ਰੱਖੀ...
ਸਾਡੀ ਉਮਰਾਂ ਦੀ ਸਾਂਝ...
ਸੱਜਣਾਂ ਦਿਲ ਵਿੱਚ ਕਦੇ ਨਾ ਫਰੇਬ ਰੱਖੀ।

# ਮਾਂ ਬਾਪ

ਹਰ ਇੱਕ ਧੀ ਜਾਂ ਪੁੱਤ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਮਾਂ ਬਾਪ ਦਾ ਖਿਆਲ ਰੱਖੇ ਜਿਵੇਂ ਉਹਨਾਂ ਦੇ ਮਾਂ ਬਾਪ ਨੇ ਬਚਪਨ ਵਿੱਚ ਉਹਨਾਂ ਦਾ ਰੱਖਿਆ... ਉਹਨਾਂ ਦੇ ਸੁਪਨੇ ਸ਼ੌਂਕ ਜੋ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਅਧੂਰੇ ਰਹਿ ਗਏ ਪੂਰੇ ਕਰਨਾ ਔਲਾਦ ਦਾ ਹੀ ਫ਼ਰਜ਼ ਹੈ

ਮਾਂ ਬਾਪ ਦੀਆ ਰਹਿਮਤਾਂ ਦਾ ਸਿਰ ਤੇ ਕਰਜ਼ ਬੜਾ ਏ...
ਸੁਪਨੇ ਉਹਨਾਂ ਦੇ ਪੂਰੇ ਕਰਨਾ...
ਮੇਰਾ ਏ ਫਰਜ਼ ਬੜਾ ਏ...
ਔਖਾਂ ਜੋ ਕੱਟੀਆਂ ਮੇਰੇ ਲਈ...
ਦਿਲ ਮੇਰੇ ਵਿੱਚ ਦਰਦ ਬੜਾ ਏ...
ਪਰ ਹੁਣ ਸ਼ੌਕ ਪੂਰੇ ਕਰਨੇ ਉਹਨਾਂ ਦੇ...
ਸਾਰੇ ਫਰਜ਼ ਮੈਂ ਪੁਗਾਓਣੇ ਆ...
ਰੱਬਾ ਦੇਈ ਸਾਥ ਮੇਰਾ...
ਤੇਰੇ ਬਣਾਏ ਰਿਸ਼ਤੇ ਦਿਲੋਂ ਮੈਂ ਨਿਭਾਉਣੇ ਆ...

# ਮਿਹਰਬਾਨ ਦਾਤਾ

ਆਪਣੇ ਆਪ ਨੂੰ ਕਦੇ ਵੀ ਇਕੱਲਾ ਨਾ ਸਮਝੋ... ਜਦੋਂ ਕੋਈ ਨਹੀਂ ਸਾਥ ਹੁੰਦਾ ਤਾਂ ਇੱਕ ਸ਼ਕਤੀ ਹੁੰਦੀ ਹੈ ਸਹਾਰਾ ਦੇਣ ਲਈ ਜੋ ਮਨੁੱਖ ਦੇ ਮਨ ਅੰਦਰੋ ਉਪਜਦੀ ਹੈ... ਪਰਮਾਤਮਾ ਦੀ ਹੋਂਦ ਜਦੋਂ ਮਨ ਅੰਦਰ ਮਹਿਸੂਸ ਹੁੰਦੀ ਹੈ ਤਾਂ ਇਨਸਾਨ ਉਹ ਵੀ ਕਰ ਸਕਦਾ ਹੈ ਜੋ ਉਹ ਕਦੇ ਸੋਚ ਵੀ ਨਹੀਂ ਸਕਦਾ...

ਰੋਕਣੇ ਨੇ... ਠੋਕਣੇ ਨੇ...
ਤੂੰ ਹੀ ਰੱਬਾ ਟੋਕਣੇ ਨੇ... ਪਿੱਠ ਪਿੱਛੇ ਜੋ ਬੋਲਦੇ ਨੇ...
ਮੈਂ ਮਰਨਾ ਨੀ... ਡਰਨਾ ਨੀ...
ਤੇਰੇ ਬਿਨਾਂ ਦਾਤਾ ਮੇਰਾ ਕਿਸੇ ਹੱਥ ਫੜਨਾ ਨਹੀਂ...
ਮੈ ਬੋਲਣਾ ਨੀ... ਡੋਲਨਾ ਨੀ...
ਦੁੱਖ ਹਰ ਕਿਸੇ ਅੱਗੇ ਫੋਲਣਾ ਨਹੀਂ...
ਤੂੰ ਮੇਹਰ ਕਰੀ... ਭਾਵੇਂ ਦੇਰ ਕਰੀ...
ਤੇਰੇ ਬਿਨਾਂ ਸਹਾਰਾ ਕੋਈ ਹੋਰ ਟੋਲਣਾ ਨਹੀਂ...
ਤੂੰ ਹੀ ਮਿਹਰਬਾਨ ਦਾਤਾ...
ਤੇਰੇ ਦਰ ਬਿਨਾਂ ਹੋਰ ਦਰ ਤੇ ਖਲੋਵਣਾ ਨਹੀਂ।

# ਸਾਥ ਦਿਉ ਰੱਬ ਜੀ

ਦੁਨੀਆ ਤੇ ਆਏ... ਕੁਝ ਕਰਕੇ ਤਾਂ ਜਾਵਾਂਗੇ...
ਆਪਣੇ ਦਮ ਤੇ ਥੋੜ੍ਹਾ ਨਾਮ ਤੇ ਕਮਾਵਾਂਗੇ...
ਕੋਸ਼ਿਸ ਤੇ ਕਰਨੀਆਂ... ਸਾਥ ਦੇਵੀ ਰੱਬ ਜੀ...
ਬੋਲਦੇ ਜੋ ਅੱਜ... ਚੁੱਪ ਵੀ ਕਰਾਵਾਂਗੇ...
ਰੂਮ ਬੰਦ ਕਰ ਬੈਠਣਾ ਨਹੀਂ ਡਰ ਕੇ...
ਹਿਮੰਤ ਵੀ ਕਰਨੀ ਆ... ਹੌਸਲਾ ਨੀ ਛੱਡਣਾ...
ਸੋਚਿਆ ਤੇ ਬੋਹਤ ਆ... ਹੁਣ ਕਰਕੇ ਦਿਖਾਵਾਂਗੇ...
ਦੁਨੀਆ ਤੇ ਆਏ... ਚੁੱਪ ਨਹੀਂ ਰਹਿੰਦੇ ਹੁਣ...
ਕੁਝ ਕਰਕੇ ਤਾਂ ਜਾਵਾਂਗੇ...

# ਵਾਹਿਗੁਰੂ ਜੀ ਦੇ ਉਪਕਾਰ

ਵਾਹਿਗੁਰੂ ਜੀ ਕਿੱਦਾਂ ਚੁਕਾਈਏ
ਤੁਹਾਡੇ ਉਪਕਾਰਾਂ ਦਾ...
ਤੁਹਾਡੇ ਵਰਗਾ ਸਹਾਰਾ ਨਹੀਂ ਮਿਲੀਆ...
ਵੇਖ ਲਿਆ ਖੜਕਾ ਕੇ ਬੂਹਾ ਹਜ਼ਾਰਾਂ ਦਾ...
ਰੋਂਦਾ ਰਹਿੰਦਾ ਸੀ ਜੋ ਮਾੜੇ ਨਸੀਬ ਨੂੰ...
ਜ਼ਿੰਦਗੀ ਬਦਲ ਗਈ...
ਜੋ ਤੁਸਾਂ ਮਿਲੇ ਗਰੀਬ ਨੂੰ...
ਬਸ ਇੱਕ ਇਹਸਾਨ ਹੋਰ ਕਰੀ ਦਾਤਾ...
ਦੂਰ ਨਾਂ ਕਰੀ ਚਰਨਾਂ ਤੋਂ ਰੱਖ ਲਈ ਕਰੀਬ ਤੂੰ...

# ਧੰਨਵਾਦ ਵਾਹਿਗੁਰੂ ਜੀ

ਧੰਨਵਾਦ ਵਾਹਿਗੁਰੂ ਜੀ ਇਲਾਂ ਮਨ ਨੂੰ ਸਕੂਨ ਦਿੱਤਾ...
ਗੁਰਬਾਣੀ ਤੁਹਾਡੀ ਨੇ ਜਿਉਣ ਦਾ ਨਵਾਂ ਜਨੂੰਨ ਦਿੱਤਾ...
ਮਿੱਟ ਗਈ ਚਿੰਤਾ ਮਿਟ ਗਿਆ ਅਭਿਮਾਨ...
ਕਰੀਦਾ ਸਭ ਨਾਲ ਪਿਆਰ...
ਧੰਨਵਾਦ ਮੇਰੇ ਦਾਤਾ ਜੀ ਕੀਤਾ ਨਿਮਾਣੇ ਤੇ ਉਪਕਾਰ...

# ਸ੍ਰੀ ਗੁਰੂ ਨਾਨਕ ਦੇਵ ਜੀ

ਮੈਂ ਇੰਨੀ ਵੱਡੀ ਨਹੀਂ ਕਿ ਸਹੀ ਤੇ ਗ਼ਲਤ ਦੱਸ ਸਕਾਂ ਪਰ ਮੈਂਨੂੰ ਨਹੀਂ ਲੱਗਦਾ ਕਿ ਅੱਜ ਦੀ ਜੋ ਸਿੱਖੀ ਹੈ ਉਹ ਉਸ ਤਰਾਂ ਦੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਚਾਹੁੰਦੇ ਸਨ...

ਓ ਮੇਰੇ ਦਾਤਿਆ ਤੁਸੀਂ ਕਿੱਥੇ ਰਹਿੰਦੇ...
ਵੇਖ ਕੇ ਆਪਣੇ ਸਿੱਖਾਂ ਨੂੰ ਕਿਉਂ ਨੀ ਕੁਝ ਕਹਿੰਦੇ...
ਤੁਸੀਂ ਛੱਡ ਕੇ ਜਾਤਾਂ ਪਾਤਾਂ ਇੱਕ ਓਂਕਾਰ ਬਣਾਇਆ...
ਛੱਡ ਕੇ ਪਾਖੰਡ... ਭਟਕਿਆਂ ਨੂੰ ਗੁਰਬਾਣੀ ਦੇ ਲੜ ਲਾਇਆ...
ਅੱਜ ਤੇਰੀ ਸਿੱਖੀ ਨੂੰ ਪਾਖੰਡੀਆਂ ਵਹਿਮਾਂ ਵਿੱਚ ਪਾਇਆ...
ਇਕ ਵਾਰੀ ਫਿਰ ਮੁੜਿਆ ਸਿੱਖੀ ਦੇ ਜਾਇਆ...
ਸਿੱਖੀ ਦੇ ਸੇਵਾਦਾਰਾਂ ਆਪਸ ਵਿੱਚ ਲੜ ਕੇ ਨਾਂ ਚਮਕਾਇਆ...
ਗੁਰੂ ਦੀ ਮੱਤ ਛੱਡ ਕੇ ਆਪਸ ਵਿੱਚ ਮੱਤਭੇਦ ਬਣਾਇਆ...
ਗੁਰੂ ਦੀ ਬਾਣੀ ਕੀ ਕਹਿੰਦੀ ਕੁਝ ਵੀ ਸਮਝ ਨੀ ਆਇਆ...
ਗੁਰਬਾਣੀ ਦੇ ਸਿਧਾਂਤ ਤੇ ਚਲਦੇ ਨੀ...
ਸਿੱਖ ਧਰਮ ਨੂੰ ਵੀ ਵੰਡਿਆ ਵਿੱਚ ਪਾਇਆ...
ਥੋੜੇ ਵਰਗਾ ਆਗੂ ਨਾਂ ਕੋਈ ਮਿਲਿਆਂ...
ਹੋਰਾਂ ਸਭ ਭਟਕਾਇਆ...
ਇਕ ਵਾਰੀ ਫਿਰ ਮੁੜਿਆ ਸਿੱਖੀ ਦੇ ਜਾਇਆ...
ਇਕ ਵਾਰੀ ਫਿਰ ਮੁੜਿਆ ਸਿੱਖੀ ਦੇ ਜਾਇਆ।

# ਖ਼ੁਦਾ

ਖ਼ੁਦਾ ਤੇਰੀ ਬੰਦਗੀ...
ਖ਼ੁਦਾ ਤੇਰੀ ਇਬਾਦਤ...
ਤੂੰ ਹੀ ਤੂੰ ਹੀ... ਹੋਵੇ...
ਬਸ ਐਹੋ ਇੱਕ ਚਾਹਤ...
ਖ਼ੁਦਾ ਤੇਰਾ ਸਾਥ...
ਖ਼ੁਦਾ ਤੇਰੀ ਰਹਿਮਤ...
ਤੂੰ ਹੀ ਬਸ... ਤੂੰ ਹੀ...
ਤੂੰ ਹੀ ਮੇਰੀ ਹਿੰਮਤ...

# ਨੂੰਹ ਨੂੰ ਧੀ ਸਮਝੋ

ਆਪਣਾ ਜਨਮ ਦਾ ਘਰ ਛੱਡ ਕੇ ਜਦੋ ਇੱਕ ਧੀ ਸੋਹਰੇ ਘਰ ਆਉਂਦੀ ਹੈ ਤਾਂ ਬਹੁਤ ਸਾਰੇ ਸੁਪਨੇ ਲੈ ਕੇ ਚਾਅ ਲੈ ਆਉਂਦੀ ਹੈ...

ਅਸਲੀ ਘਰ ਤਾਂ ਸੋਹਰਾ ਘਰ ਹੀ ਹੁੰਦਾ ਹੈ ਪਰ ਇੱਥੇ ਜੇ ਉਸਨੂੰ ਆਪਣਾ ਹੱਕ ਨਾ ਮਿਲੇ ਉਹ ਇੱਜ਼ਤ ਉਹ ਪਿਆਰ ਨਾ ਮਿਲੇ ਤਾਂ ਜ਼ਿੰਦਗੀ ਜਿਉਣਾ ਮੁਸ਼ਕਿਲ ਹੋ ਜਾਂਦਾ ਹੈ ਕਿੰਨੀਆਂ ਹੀ ਖਬਰਾਂ ਅੱਜ ਕੱਲ ਸੁਣਨ ਵਿੱਚ ਦੇਖਣ ਵਿੱਚ ਆ ਰਹੀਆਂ ਹਨ ਕੌਣ ਤੇ ਕਿਵੇਂ ਦੇ ਦਿਲ ਵਾਲੇ ਲੋਕ ਨੇ ਉਹ ਜੋ ਕਿਸੇ ਦੀ ਧੀ ਨੂੰ ਘਰ ਲਿਆ ਕੇ ਦੁਖੀ ਕਰਦੇ ਨੇ ਉਹਨਾਂ ਅੱਗੇ ਬੇਨਤੀ ਹੈ ਕਿਸੇ ਧੀ ਦਾ ਦਿਲ ਨਾ। ਦੁਖਾਓ ਆਪਣੀ ਧੀ ਸਮਝ ਕੇ ਪਿਆਰ ਸਤਿਕਾਰ ਬਣਦੀ ਇੱਜਤ ਦਿਉ

ਆਪਣੀ ਨੂੰਹ ਨੂੰ ਵੀ ਧੀ ਸਮਝੋ...
ਅਰਜ਼ ਕਰੇ ਇੱਕ ਧੀ...
ਇਹਨੂੰ ਤੰਗ ਕਰਕੇ ਤੁਹਾਨੂੰ ਮਿਲਦਾ ਕੀ...
ਏਹ ਤਾਂ ਸਭ ਕੁੱਝ ਵਾਰ ਕੇ ਤੁਹਾਡੇ ਘਰ ਆਈ
ਪਰ ਫੇਰ ਵੀ ਤੁਸੀਂ ਇਸ ਨੂੰ ਕਿਉਂ ਸਮਝੋ ਪਰਾਈ...
ਧੀ ਬਣਾਕੇ ਰੱਖ ਲਵੋ ਜਿਵੇਂ ਥੋਡੀ ਆਪਣੀ ਜੰਮੀ-ਜਾਈ
ਏਹ ਪਿਆਰ ਲਈ ਤਰਸੇ ਤੁਸੀਂ ਕਿਉਂ ਤੜਫਾਈ।

# ਨੂੰਹ ਬੁਰੀ

ਆਪਣੀ ਵਾਰੀ ਨੂੰਹ ਬੁਰੀ...
ਜੇ ਚੁੱਪ ਆ ਤਾਂ ਚਲਾਕ ਆ...
ਜੇ ਬੋਲਦੀ ਆ ਤਿੱਖੀ ਛੁਰੀ...
ਆਪਣੀ ਧੀ ਵਾਰੀ...
ਸੋਹਰੇ ਚੰਗੇ ਧੀ ਵਿਚਾਰੀ...
ਕਿੱਥੋਂ ਏਹ ਦੋਗਲੀ ਸੋਚ ਤੁਰੀ...
ਕਿਉਂ ਧੀ ਚੰਗੀ ਤੇ ਨੂੰਹ ਬੁਰੀ

# ਨੂੰਹ ਵੀ ਧੀ

ਕਿਉਂ ਨਹੀ ਸਮਝਦੇ...
ਇੱਕ ਨੂੰਹ ਵੀ ਇੱਕ ਧੀ ਹੈ...
ਆਪਣਾ ਆਪ ਭੁਲਾ ਕੇ...
ਥੋੜੇ ਲਈ ਰਹੀ ਜੀਅ ਹੈ...
ਕਿਸ ਚੀਜ਼ ਦਾ ਗੁਮਾਨ ਕੀਤਾ...
ਥੋੜਾ ਵੀ ਜੱਗ ਤੇ ਕੀ ਐ...

# ਸੋਹਰੇ

ਸੋਹਰੇ ਬੜੇ ਚੰਦਰੇ ਕਿਉਂ ਰੱਬਾ ਬਣਾਏ...
ਇਥੇ ਦਿਲ ਨੀ ਲੱਗਦਾ...
ਮਾੜੇ ਲੇਖ ਲਿਖਾਏ...
ਆਪਣੇ ਮਾਂ ਬਾਪ ਲਈ ਤਰਸਦੀ...
ਏਹ ਧੀ ਧਿਆਣੀ...
ਪੇਰੇ ਸੋਹਰਿਆਂ ਦਾ ਫ਼ਰਕ ਮਿਟਾ ਦੇ...
ਅਰਜ਼ ਕਰੇ ਨਿਮਾਣੀ...

# ਫਰਕ

ਜਦੋਂ ਤੁਹਾਡੇ ਨਾਲ ਨੂੰਹ ਜਾਂ ਜਵਾਈ ਦਾ ਰਿਸਤਾ ਜੁੜਦਾ
ਤਾਂ ਉਹਨੂੰ ਕਦੇ ਵੀ ਇਹ ਅਹਿਸਾਸ ਨਾ ਹੋਣ ਦਿਓ
ਕਿ ਉਹ ਕਿਸੇ ਹੋਰ ਦਾ ਜਨਮਿਆ...
ਜਦੋਂ ਉਹਦੀ ਤੁਹਾਡੇ ਜੰਮਿਆ ਨਾਲ ਉਮਰਾ ਦੀ ਸਾਂਝ ਪੈ ਹੀ ਗਈ ਆ...
ਫੇਰ ਫਰਕ ਕਾਹਦਾ...
ਦਿਲ ਤੋਂ ਅਪਨਾ ਕੇ ਵੇਖੋ
ਆਪਣੇ ਧੀਆਂ ਪੁੱਤਾਂ ਵਾਂਗ
ਉਹ ਤਾਂ ਤੁਹਾਡੇ ਸਕੇ ਧੀ ਪੁੱਤ ਤੋਂ ਵੀ ਜਿਆਦਾ ਤੁਹਾਡਾ ਕਰਨਗੇ...

# ਰੀਤ

ਇਕ ਧੀ ਦੇ ਦਿਲ ਦੀ ਸੁਣ ਜ਼ਾਲਿਮਾਂ...
ਕਿਉਂ ਏਹ ਰੀਤ ਚਲਾਈ...
ਆਪਣੇ ਘਰ ਤੋਂ ਤੋੜ ਕੇ ਕਿਉਂ ਕਰੀ ਪਰਾਈ...
ਸਾਰੀ ਉਮਰ ਤੈਨੂੰ ਕੋਸ ਦੀ ਕਰਮਾਂ ਮਾਰੀ...
ਪੇਰੇ ਘਰ ਲਈ ਤਰਸਦੀ ਇੱਕ ਧੀ ਵਿਚਾਰੀ...

## ਬਾਬਲ

ਬਾਬਲ ਤੇਰੇ ਘਰ ਦੀ ਮੈਂ ਜੰਮੀ ਜਾਈ...
ਰੱਖ ਨਹੀਂ ਸਕਦਾ ਆਪਣੇ ਘਰ ਕਿਉਂ ਕਰੇ ਪਰਾਈ...
ਤੇਰੇ ਘਰ ਦੀ ਰੌਣਕ ਮੈਂ ਸੁੰਨਾ ਹੋ ਜਾਊ ਵਿਹੜਾ...
ਕੌਣ ਤੇਰੇ ਨਾਲ ਲਾਡ ਲਾਡਾਊ...
ਦੁੱਖ ਸੁੱਖ ਸੁਣੂ ਗਾ ਕਿਹੜਾ...
ਧੀ ਨੂੰ ਦੇਣਾ ਪਲ ਵਿੱਚ ਹੋਰ ਕਿੱਦਾਂ ਦਾ ਦਿਲ ਤੇਰਾ...
ਰੱਖ ਲੈ ਆਪਣੇ ਘਰ ਵਿੱਚ ਸਦਾ ਲਈ...
ਕੀ ਏਹ ਘਰ ਨਹੀਂ ਮੇਰਾ...

## ਮਾਂ

ਕੁੱਖੋਂ ਜੰਮੀਆਂ ਕੁੱਖੋਂ ਜਾਈਆਂ...
ਪਤਾ ਨਹੀਂ ਕਿਹੋ ਜਹੇ ਲੇਖ ਲਿਖਾ ਕੇ ਲਿਆਈਆਂ...
ਬੜਾ ਦਿਲ ਰੋਵੇ ਜਦੋਂ ਕਰਨੀਆਂ ਪੈਣ ਪਰਾਈਆਂ...
ਲਾਡਾਂ ਨਾਲ ਪਾਲੀਆਂ ਧੀਆਂ
ਕਿਵੇਂ ਪਲ ਵਿੱਚ ਕਰਾਂ ਪਰਾਈਆਂ...
ਮਾਂ ਪਾਵੇ ਦੁਆਈਆਂ... ਨਾਂ ਕਰੋ ਪਰਾਈਆਂ...।

# ਵੀਰ

ਵੀਰ ਮੇਰੇਆ ਤੇਰੇ ਬਿਨ ਦਿਲ ਨੀ ਲੱਗਣਾ...
ਮੈ ਚੱਲੀ ਸੋਹਰੇ... ਕੌਣ ਤੇਰੇ ਨਾਲ ਕਰੂ ਲੜਾਈ...
ਕੌਣ ਕਰੂ ਤੇਰੇ ਨਖਰੇ ਪੂਰੇ...
ਤੂੰ ਹੀ ਰੱਖਲਾ ਘਰ ਵਿੱਚ ਮੈਂਨੂੰ...
ਮੈ ਥੋਡੇ ਬਿਨ ਨਹੀਂ ਰਹਿਣ...
ਸੋਹਰੇ ਘਰ ਵਿੱਚ ਪਤਾ ਨਹੀਂ ਕੀ ਕੁਝ ਸਹਿਣਾ ਪੈਣਾ...
ਬੰਦ ਕਰਨੇ ਪੈਣੇ ਸਧਰਾਂ ਦੇ ਬੂਹੇ...
ਹਰ ਚਾਅ ਦਿਲ ਵਿੱਚ ਘੁਟਣਾਂ ਪੈਣਾ...
ਨਾ ਵੀਰਾ ਮੈਂ ਏਦਾਂ ਨਹੀਂ ਸਹਿਣਾ...
ਰੱਖ ਲੈ ਆਪਣੇ ਘਰ ਵਿੱਚ ਮੈਂਨੂੰ ਮੈਂ ਥੋਡੇ ਬਿਨ ਨਹੀਂ ਰਹਿਣਾ।

# ਸ਼ਿਕਵਾ

ਇਹ ਇੱਕ ਸੱਚੀ ਤੇ ਦੁੱਖ ਭਰੀ ਦਾਸਤਾਨ ਹੈ ਮੇਰੇ ਕਰੀਬੀ ਹਨ ਇੱਕ ਭੈਣ ਜਿਹਨਾਂ ਦੇ ਪਤੀ ਦੀ ਅਚਨਚੇਤ ਮੌਤ ਹੋ ਗਈ ਸੀ

ਤੂੰ ਛੱਡ ਗਿਆ ਅੱਧ ਵਿਚਕਾਰ ਵੇ ਏਹੋ ਸ਼ਿਕਵਾ ਤੇਰੇ ਨਾਲ ਵੇ...
ਕਿਉਂ ਸੋਚਿਆ ਨੀ ਤੂੰ ਮੇਰੇ ਵਾਰੇ
ਆਇਆ ਨੀ ਬੱਚਿਆ ਦਾ ਖਿਆਲ ਵੇ...
ਕਿਵੇਂ ਜਿਉਣਾ ਤੇਰੇ ਬਿਨਾਂ
ਮੈਂ ਇਕੱਲੀ ਕਿਵੇਂ ਲਵਾ ਤੇਰਾ ਕੰਮਕਾਰ ਸੰਭਾਲ ਮੈਂ...
ਜਿਨਾਂ ਬੱਚਿਆ ਨੂੰ ਰਲ ਮਿਲ ਪਾਲਿਆ ਸੀ ਆਪਾਂ ਦੋਨਾਂ ਨੇ...
ਅੱਜ ਉਹੀ ਰਹੇ ਨੇ ਮੈਂਨੂੰ ਬਿਖਰੀ ਨੂੰ ਸੰਭਾਲ ਵੇ...
ਬੜਾ ਔਖਾ ਰਹਿਣਾ ਤੇਰੇ ਬਿਨਾਂ ਵੇ...
ਪਲ ਪਲ ਮਰਦੀ ਮੇਰਾ ਬੁਰਾ ਹਾਲ ਵੇ...
ਤੂੰ ਕਦੀ ਮੁੜ ਨੀ ਆਉਣਾ ਤੋੜ ਦਿੰਦਾ ਮੈਂਨੂੰ ਏਹ ਖਿਆਲ ਵੇ...
ਕੀਤੇ ਮਿਲ ਜਾਵੇ ਇੱਕ ਵਾਰੀ...
ਮੈਨੂੰ ਪਤਾ ਏਹ ਹੋ ਨਹੀਂ ਸਕਦਾ...
ਫੇਰ ਵੀ ਹਰ ਥਾਂ...
ਹਰ ਜਗ੍ਹਾ ਮੈਂਨੂੰ ਰਹਿੰਦੀ ਤੇਰੀ ਭਾਲ ਵੇ...

# ਜ਼ਿੰਦਗੀ

ਕਿਹੋ ਜਿਹੀ ਏ ਏਹ ਜ਼ਿੰਦਗੀ ਤੂੰ...
ਸਮਝ ਨੀ ਆਈ ਤੇਰੀ ਅੱਜ ਤੱਕ ਮੈਨੂੰ...
ਬੜੇ ਲੋਕ ਮਿਲੇ ਤੈਨੂੰ ਜਿਉਂਦਿਆਂ ਹੋਏ...
ਕਿੰਨੇ ਮੈਂ ਪਰਖੇ ਤੇ... ਕਈਆਂ ਨੇ ਪਰਖਿਆ ਮੈਂਨੂੰ...
ਇਕੱਲੀ ਰਹਿ ਗਿਆ ਅੰਦਰੋ ਮੈ...
ਉਂਝ ਮਿਲਦੀ ਹਾਂ ਬਾਹਰੋਂ ਸਭ ਨੂੰ...
ਪਰ ਫੇਰ ਵੀ ਏਹ ਜ਼ਿੰਦਗੀ ਜਿਉਂਦੀ ਹਾਂ ਮੈਂ ਤੈਨੂੰ...

# ਨਾਜ਼ਕ ਰਿਸ਼ਤੇ

ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ
ਕੁੱਝ ਰਿਸ਼ਤੇ ਇੰਨੇ ਨਾਜੁਕ ਹੁੰਦੇ ਨੇ...
ਜਿਨਾਂ ਨੂੰ ਨਿਭਾਉਣ ਲਈ
ਕਈ ਵਾਰ ਖੁਦ ਨਾਲ ਹੀ ਲੜਨਾ ਪੈਂਦਾ ਹੈ।

# ਪਰਛਾਵਾਂ

ਐ ਮੇਰੇ ਪਰਛਾਵਿਆ
ਮੇਰੇ ਨਾਲ ਹੀ ਤੁਰਦਾ ਜਾ...
ਏਨਾ ਔਖੇ ਸੌਖੇ ਰਾਹਵਾਂ
ਵਿੱਚ ਹਮਸਫਰ ਨਾ ਕੋਈ...
ਇਕੱਲਿਆਂ ਰਹਿ ਕੇ ਜਿੰਦਗੀ
ਬੇਜਾਨ ਜੀ ਹੋਈ...
ਜਿਵੇਂ ਰੂਹ ਬਿਨਾਂ ਜਿਸਮ ਦੀ ਕਦਰ ਨਾ ਕੋਈ...
ਹੁਣ ਤੂੰ ਹੀ ਸਹਾਰਾ ਮੇਰਾ...
ਤੇਰੇ ਬਿਨਾਂ ਮੈਂ ਵੀ ਇੱਕ ਮੁਰਦਾ ਆ...
ਐ ਮੇਰੇ ਪਰਛਾਵਿਆ ਮੇਰੇ ਨਾਲ ਹੀ ਤੁਰਦਾ ਜਾ...

## ਆਪਣੇ ਪਰਾਏ

ਕੌਣ ਆਪਣਾ ਕੌਣ ਪਰਾਇਆ...
ਏਹ ਭੇਤ ਉਲਝ ਗਏ ਨੇ...
ਮੈ... ਹੀ... ਮੈ... ਕਰਦੇ ਸਾਰੇ...
ਦਿਲ ਦੇ ਰਿਸ਼ਤੇ ਰੁਲ ਗਏ ਨੇ...
ਦਿਲ ਦੇ ਪੰਨੇ ਫਰੋਲ ਕੇ... ਸਮਝ ਨਹੀਂ...
ਕਿਸ ਅੱਗੇ ਰੱਖਾਂ... ਕਿਸ ਤੇ ਕਰਾ ਭਰੋਸਾ...
ਮਨ ਦੀ ਗੱਲ ਕਿਸਨੂੰ ਦੱਸਾਂ...

## ਅਜਨਬੀ ਜ਼ਿੰਦਗੀ

ਮੇਰੀ ਜ਼ਿੰਦਗੀ... ਮੇਰੇ ਨਾਲ...
ਏਸ ਉਮਰ ਦੇ ਰਾਹ ਉਤੇ...
ਇਕ ਅਜਨਬੀ ਵਾਂਗ ਤੁਰੀ ਜਾ ਰਹੀ ਐ...
ਹਾਂ... ਅਜਨਬੀ ਹੀ ਹੈ...
ਮੇਰੇ ਲਈ ਮੇਰੀ ਜ਼ਿੰਦਗੀ...
ਜਿਸ ਨੂੰ ਖੁਦ ਹੀ ਠੋਕਰ ਮਾਰੀ ਹੋਵੇ...
ਉਹ ਆਪਣੇ ਨਹੀਂ ਹੁੰਦੇ...

# ਕਦੇ ਕਦੇ

ਕਦੇ ਕਦੇ ਲਗਦਾ ਗੁਲਾਮ ਆ ਮੈਂ...
ਕਦੇ ਕਦੇ ਮਨੋ ਮਨ ਆਜ਼ਾਦ ਹੋ ਜਾਂਦੀ...
ਕਦੇ ਕਦੇ ਬਣ ਜਾਵਾਂ ਦਲੇਰ ਮੈਂ...
ਕਦੇ ਕਦੇ ਅੰਦਰੋ ਅੰਦਰ ਮਰ ਮੈਂ ਜਾਂਦੀ...
ਕਦੇ ਕਦੇ ਸੋਚਦੀ ਹਾਂ ਬੁਹਤ ਕਮਜ਼ੋਰ ਆ
ਮੈਂ ਕਦੇ ਕਦੇ ਦਿਲ ਤੋਂ ਸ਼ੇਰ ਬਣ ਜਾਂਦੀ...
ਤੂੰ ਵੀ ਸੋਚਦਾ ਨੀ ਕੁਝ ਮੇਰੇ ਬਾਰੇ...
ਚਾਹੇ ਸਾਰਾ ਦੁੱਖ ਬੋਲ ਤੈਨੂੰ ਮੈਂ ਕਹਿ ਜਾਂਦੀ...
ਸੁਣਦਾ ਨਹੀਂ ਤੂੰ ਮੇਰਾ ਬੋਲਿਆ ਵੀ ਵਿਅਰਥ ਜਾਂਦਾ...
ਤੇ ਚੀਖ ਦਿਲ ਦੀ ਹੰਝੂਆਂ ਵਿੱਚ ਵਹਿ ਜਾਂਦੀ...

ਮੇਰੇ ਦਿਲ ਦੇ ਜੋ ਅਹਿਸਾਸ ਸੀ
ਕਿਸੇ ਲਈ ਬੇਕਾਰ
ਪਰ ਮੇਰੇ ਲਈ ਖਾਸ ਸੀ
ਲਿਖ ਦਿੱਤੇ ਦਿਲ ਖੋਲ ਕੇ
ਜੋ ਦੱਸ ਜਾਂਦੇ ਨੀ ਸੀ ਬੋਲ ਕੇ...

# ਮਤਲਬੀ

ਜਿਹੜੇ ਲੋੜ ਤੋਂ ਜਿਆਦਾ... ਜੀ... ਜੀ... ਕਰਕੇ
ਆਪਣਾਪਣ ਦਿਖਾਉਂਦੇ ਆ...
ਸਮਝ ਲਈ ਉਹ ਤੇਰੇ ਤੋਂ ਕੁਝ ਚਾਹੁੰਦੇ ਆ...
ਉਹਨਾਂ ਦੀਆਂ ਗੱਲਾਂ 'ਚ ਨਾ ਆਇਆ ਕਰੋ...
ਮਤਲਬ ਕੱਢ ਕੇ ਆਪਣਾ...
ਏਹ ਅਸਲੀ ਰੰਗ ਵਿਖਾਉਂਦੇ ਆ...

# ਰੂਹ ਦੀ ਸ਼ਾਂਤੀ

ਲੋਕ ਸਰੀਰਕ ਤੌਰ 'ਤੇ ਮਰ ਚੁੱਕੇ
ਇਨਸਾਨ ਦੀ ਰੂਹ ਦੀ ਸਾਂਤੀ ਲਈ ਅਰਦਾਸ ਕਰਦੇ ਨੇ...
ਵਾਹਿਗੁਰੂ ਜੀ...
ਅੱਜ ਕੱਲ ਆਤਮਿਕ ਤੌਰ ਤੇ ਮਰ ਚੁੱਕੇ ਇਨਸਾਨ ਦੀ
ਰੂਹ ਨੂੰ ਵੀ ਸ਼ਾਂਤੀ ਦੀ ਜਰੂਰਤ ਆ ਕਿਰਪਾ ਕਰੋ...

# ਝੂਠੇ ਰੋਣੇ

ਝੂਠੇ ਹਾਸੇ...
ਝੂਠੇ ਫਿਕਰ...
ਝੂਠੇ ਦਿਲਾਸੇ...
ਝੂਠ ਹੀ ਝੂਠ ਦਿਸਦਾ ਸਭ ਆਸੇ ਪਾਸੇ...
ਰਿਸ਼ਤਿਆਂ ਦੀ ਝੂਠੀ ਕਹਾਣੀ ਦੇ...
ਝੂਠੇ ਕਿਰਦਾਰ ਨੇ...
ਦੇਖਣ ਨੂੰ ਸਭ ਸੱਚੇ ਲੱਗਦੇ...
ਪਰ ਸਭ ਚੰਗੇ ਕਲਾਕਾਰ ਨੇ...

ਕਈ ਵਾਰ ਬੜਾ ਖਤਰਨਾਕ ਹੁੰਦਾ...
ਖੁਦ ਨਾਲ ਮਿਲਣਾ...
ਚੰਗਾ ਆ...
ਏਸ ਝੂਠੀ ਦੁਨੀਆ ਵਿੱਚ...
ਖੁਦ ਨੂੰ ਰੁੱਝਿਆ ਰਹਿਣ ਦਿਉ...

# ਖੁਦਗਰਜ

*(ਮੈਂ ਖੁਦ ਲਈ ਕਿਉਂ ਨਹੀਂ ਜੀਉਂ ਸਕਦੀ ਤੇਰੇ ਵਾਂਗੂ?)*

ਇਕ ਸਵਾਲ ਕਈ ਵਾਰ ਮਨ ਵਿੱਚ ਉੱਠਦਾ ਕਿ ਜ਼ਿੰਦਮੀ ਕੀ ਹੈ... ਮੁਹੱਬਤ ਜ਼ਿੰਦਗੀ ਦਾ ਦੂਜਾ ਨਾਮ ਹੈ ਫੇਰ ਮੁਹੱਬਤ ਕੀ ਹੈ... ਸੱਚਾ ਰਿਸ਼ਤਾ ਕੀ ਹੈ?

ਮੁਹੱਬਤ ਨਿਭਾਉਣੀ ਕਿਵੇਂ ਹੈ ਖੁਦਗਰਜੀ ਦੀ ਕੁਰਬਾਨੀ ਨਾਲ ਜਾਂ ਖੁਦਗਰਜ਼ ਹੋ ਕੇ ਵੀ ਮੁਹੱਬਤ ਨਿਭਾ ਸਕਦੇ ਹਾਂ... ਜੇ ਜਿਉਣਾ ਮੁਹੱਬਤ ਹੈ ਤਾਂ ਮੁਹੱਬਤ ਵਿੱਚ ਖੁਦ ਨੂੰ ਮਾਰਨਾ ਕਿਉਂ ਪੈਂਦਾ ਹੈ ਜੇ ਮਰ ਕੇ ਮੁਹੱਬਤ ਮਿਲਦੀ ਹੈ ਤਾਂ ਮੁਹੱਬਤ ਜ਼ਿੰਦਗੀ ਕਿਵੇਂ ਹੋਈ...

ਜੇ ਖੁਦ ਨੂੰ ਮਾਰ ਕੇ ਨਿਭਾ ਰਹੇ ਹਾਂ ਤਾਂ ਸ਼ਿਜਵੇ ਕਿਉਂ ਨੇ... ਜੇ ਮੁਹੱਬਤ ਮਿਲ ਹੀ ਗਈ ਤੇ ਸਕੂਨ ਕਿਉਂ ਨਹੀ... ਕਮੀ ਕਿੱਥੇ ਹੈ? ਕੀ ਮੁਹੱਬਤ ਕਰਨੀ ਹੀ ਨਹੀਂ ਆਈ ਜਾਂ ਮੁਹੱਬਤ ਸਮਝ ਹੀ ਨਹੀਂ ਆਈ... ਰੂਹ ਦੀ ਤੜਫ ਕਿਉਂ? ਡਰਾਵਨਾ ਸਮਾਂ ਲੰਘਦਾ ਕਿਉਂ ਨਹੀਂ।

# ਹੁੰਗਾਰਾ

ਕੰਧਾਂ ਨੂੰ ਕੀਕਣ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ
ਦੁੱਖ ਮੰਨਾ ਤਾਂ ਦੁੱਖ ਸੁਣਾਵਾਂ
ਸੁੱਖ ਮੰਨਾ ਤਾਂ ਸੁੱਖ ਸੁਣਾਵਾਂ...
ਮੈਂਨੂੰ ਛੱਡ ਕੇ ਖੈਰ ਮਨਾਵਣ...
ਮੇਰੇ ਮੌਤ ਤੇ ਮੇਰੇ ਨਾਲ ਇਹ ਮਰਦੀਆਂ ਨੀ...
ਕਹਾਣੀਆਂ ਕੰਧਾਂ ਨੂੰ ਕੀਕਣ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ...
ਲੋੜ ਪੈਣ ਤੇ ਮੇਰੀਆਂ ਨੇ... ਉਂਝ ਸਿਰਫ ਇਹ ਤੇਰੀਆਂ ਨੇ...
ਤੂੰ ਵੀ ਇਹਨਾਂ ਦਾ ਸਾਥੀ ਇਹਨਾਂ ਵਰਗਾ...
ਖੁਦ ਨੂੰ ਕਿੰਝ ਸਮਝਾਵਾਂ ਸਧਰਾਂ ਵੀ ਮਰਦੀਆਂ ਨੀ...
ਕਹਾਣੀਆਂ ਕੰਧਾਂ ਨੂੰ ਕੀਕਣ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ
ਕਿਵੇਂ ਸੁਣਾਵਾਂ ਪੱਥਰ ਦੀਆਂ ਕੰਧਾਂ ਨੂੰ ਰੂਹ ਦੀ ਹੂਕ...

ਰੂਹ ਦਾ ਪੰਛੀ ਪੱਥਰ ਦੇ ਪਿੰਜਰੇ ਵਿੱਚ ਮੁਹੱਬਤ ਦੀ ਜੰਜੀਰ ਨਾਲ ਜਕੜਿਆ ਉਡਾਨ ਕਿਵੇਂ ਭਰੇ... ਜੇ ਅਜ਼ਾਦ ਵੀ ਹੋ ਜਾਵੇ ਤਾਂ ਉੱਡ ਕੇ ਜਾਵੇ ਕਿੱਥੇ... ਜਿਸ ਨੂੰ ਮੁਹੱਬਤ ਦੀ ਗੁਲਾਮੀ ਦੀ ਆਦਤ ਪੈ ਗਈ ਹੋਵੇ...

ਕਦੇ ਸੋਚਿਆ ਨਹੀਂ ਸੀ ਕਿ ਮੁਹੱਬਤ ਇੱਕ ਸਜ਼ਾ ਵਾਂਗੂ ਮਿਲੇਗੀ ਉਹ ਸਜ਼ਾ ਜਿਸ ਨੂੰ ਖੁਸ਼ੀ ਖੁਸ਼ੀ ਖੁਦ ਮਨਜੂਰ ਕੀਤਾ ਹੋਵੇ.

ਮੈਨੂੰ ਨਾ ਮੇਰੀ ਤੇਰੇ ਲਈ ਮੁਹੱਬਤ ਦੀ ਸਮਝ ਲਗਦੀ ਨਾ ਤੇਰੀ ਮੇਰੇ ਲਈ ਮੁਹੱਬਤ ਦੀ ਸਮਝ ਲਗਦੀ ਕਿਸ ਦੀ ਮੁਹੱਬਤ ਸੱਚੀ ਤੇਰੀ ਜਾਂ ਮੇਰੀ... ਜੇ ਤੇਰੀ ਮੁਹੱਬਤ ਮੇਰੇ ਲਈ ਸੱਚੀ ਹੈ ਤਾਂ ਤੈਨੂੰ ਮੇਰੇ ਦੁੱਖ ਦਾ

ਅਹਿਸਾਸ ਕਿਉਂ ਨਹੀ ਜੇ ਅਹਿਸਾਸ ਹੈ ਤਾਂ ਪੂਰਾ ਸਾਥ ਕਿਉਂ ਨਹੀ ਜੇ ਸਾਥ ਹੈ ਤਾਂ ਮੈਂਨੂੰ ਸਕੂਨ ਕਿਉਂ ਨਹੀ...

*ਜੇ ਮੇਰੀ ਤੇਰੇ ਲਈ ਮੁਹੱਬਤ ਸੱਚੀ ਤਾਂ ਮੈਂਨੂੰ ਤੇਰੇ ਤੋਂ ਸ਼ਿਕਵਾ ਕਿਉਂ...

*ਮੁਹੱਬਤ ਤਾਂ ਨਫਾ ਨੁਕਸਾਨ ਨੀ ਵੇਖਦੀ... ਮੁਹੱਬਤ ਤਾਂ ਕੁਰਬਾਨੀ ਹੈ ਖੁਦ ਦੀ... ਫੇਰ ਕਮੀ ਕਿੱਥੇ ਹੈ?

*ਖੁਦਗਰਜ਼ ਹੋ ਕੇ ਤਾਂ ਮੁਹੱਬਤ ਨਹੀਂ ਨਿਭਾਈ ਜਾ ਸਕਦੀ ਫਿਰ ਤੇ ਰੀ ਮੁਹੱਤਬ ਕਿਵੇਂ ਸੱਚੀ ਹੈ... ਜੇ ਮੈਂ ਖੁਦਗਰਜ਼ ਹਾਂ ਤਾਂ ਤੇਰੇ ਨਾਲ ਕਿਵੇ ਂ ਹਾਂ?

ਤੇ ਤੂੰ ਖੁਦਗਰਜ਼ ਹੋ ਕੇ ਵੀ ਮੇਰੇ ਨਾਲ ਕਿਵੇਂ ਹੈ?

ਇੱਕ ਦੂਜੇ ਦੇ ਨਾਲ ਹਾਂ ਇੱਕ ਦੂਜੇ ਦਾ ਸਾਥ ਹੈ ਪਰ ਕਮੀ ਕਿਉਂ ਹੈ ਸਕੂਨ ਕਿਉਂ ਨਹੀ ਰੂਹ ਦੀ ਤੜਫ ਮੁੱਕਦੀ ਕਿਉਂ ਨਹੀ...

ਤੇਰੇ ਸਾਥ ਦੀ ਖੁਸ਼ੀ ਦੀ ਕੀਮਤ ਚੁਕਾਈ ਹੈ ਖੁਦਾਰੀ ਨੂੰ ਮਾਰ ਕੇ... ਕੀ ਤੇਰੀ ਮੁਹੱਬਤ ਸੌਖੀ ਮਿਲੀ ਹੈ?

ਤੂੰ ਮੈਨੂੰ ਨੀ ਸਮਝਿਆ ਕਿ ਮੈਂ ਤੈਨੂੰ ਨੀ ਸਮਝੀ?

ਸਵਾਲ ਬਹੁਤ ਨੇ ਜਵਾਬ ਕਿਤੇ ਨੀ... ਸੱਚੀਂ ਰੂਹ ਦੀ ਹੂਕ ਕੰਧਾਂ ਨੂੰ ਕੀਕਣ ਸੁਣਾਵਾਂ ਇਹ ਹੁੰਗਾਰਾ ਭਰਦੀਆਂ ਨੀ...

# ਖੁਦਗਰਜ਼

ਮੈਂ ਸਿਰਫ ਤੇਰੇ ਲਈ ਮਰ ਵੀ ਸਕਦੀ ਹਾਂ

ਤੂੰ ਸਿਰਫ ਮੇਰੇ ਲਈ ਜੀਅ ਵੀ ਨਹੀਂ ਸਕਦਾ

ਕੀ ਅਹਿਸਾਸ ਸੀ ਜਦੋਂ ਮੈਂ ਤੇਰੇ ਲਈ ਮਰ ਵੀ ਗਈ ਸੀ ਤੇ ਫਿਰ ਸਿਰਫ ਤੇਰੇ ਲਈ ਜਿਉਣ ਵੀ ਲੱਗੀ... ਬਹੁਤ ਬੁਰਾ ਲੱਗਿਆ ਜਦੋ ਤੂੰ ਕਿਹਾ ਕਿ ਤੂੰ ਮੇਰੇ ਲਈ ਨਹੀਂ ਖੁਦ ਲਈ ਸੋਚਦੀ ਹੈ... ਪਰ ਕਦੇ ਸੋਚਿਆ

ਜੇ ਤੇਰੇ ਬਾਰੇ ਨਾ ਸੋਚਦੀ ਅੱਜ ਸ਼ਾਇਦ ਤੇਰੇ ਨਾਲ ਨਾ ਹੁੰਦੀ

ਜੇ ਸਿਰਫ਼ ਖੁਦ ਲਈ ਸੋਚਦੀ ਤਾਂ ਤੇਰੇ ਹੱਥ ਨਾ ਛੱਡਦੀ ਸਭ ਫੈਸਲੇ ... ਸੋਚ ਕੇ ਦੇਖਿਆ ਕਰ ਕਦੇ ਜਦੋਂ ਇਕੱਲਾ ਬੈਠਾ ਹੋਵੇ ਕਿ ਮੈਂ ਤੇਰੇ ਲਈ ਹਾਂ ਕਿ ਤੂੰ ਮੇਰੇ ਲਈ ਜੇ ਤੂੰ ਮੇਰੇ ਲਈ ਹੀ ਜਿਉਂ ਰਿਹਾ ਤਾਂ ਮੇਰੀ ਖੁਦਾਰੀ ਲਈ ਕੀ ਕੀਤਾ?

ਜੇ ਮੈਂ ਖੁਦਗਰਜ਼ ਹਾਂ ਤਾਂ ਮੈਂ ਮੇਰੇ ਲਈ ਕੀ ਕੀਤਾ?

ਖੁਦਗਰਜ਼ ਕੌਣ ਰਿਹਾ ਅੱਜ ਤੱਕ... ਤੂੰ ਜਾਂ ਮੈਂ ਸੋਚ ਕੇ ਵੇਖੀ ਕਦੇ...

ਹਾਂ ਜੇ ਮੈਂ ਖੁਦਗਰਜ਼ ਹਾਂ ਤਾਂ ਤੇਰੀ ਮੁਹੱਬਤ ਵਿੱਚ ਖੁਦ ਨੂੰ ਕੁਰਬਾਨ ਕਰ ਰਹੀ ਹਾਂ ਤੇਰੇ ਲਈ... ਜੇ ਇਹ ਖੁਦਗਰਜੀ ਹੈ ਤਾਂ ਮੈਂ ਖੁਦਗਰਜ਼ ਹੀ ਸਹੀ ਸ਼ੁਕਰ ਹੈ ਮੈਂ ਮਤਲਵੀ ਨਹੀਂ...

# ਮੇਰੇ ਲਈ ਹੁਣ ਬਚਦੀ ਨਹੀਂ ਮੈਂ

ਕੱਲ ਦਾ ਕੀ ਪਤਾ ਆਉਣਾ ਕਿ ਨਹੀਂ...
ਕਿਉਂ ਅੱਜ ਨੂੰ ਜੀ ਕੇ ਹੱਸਦੀ ਨਹੀਂ ਮੈਂ?
ਜਿਵੇਂ ਉਮਰ ਇੱਕ ਨਿਆਣੀ ਵਿੱਚ ਸ਼ੌਂਕ ਸੀ ਖੁਸ਼ ਗੁਮਾਨੀ ਦਾ...
ਹੁਣ ਕਿਉਂ ਦਿਲ ਨੂੰ ਦਿਲ ਦੀ ਦੱਸਦੀ ਨਹੀਂ ਮੈਂ ?
ਝੂਠੇ ਹਾਸੇ ਝੂਠੀ ਤਸੱਲੀ... ਕੀ ਖੁਦ ਨੂੰ ਖੁਦ ਹੀ ਡੱਸਦੀ ਨਹੀਂ ਮੈਂ?
ਕਿਉਂ ਖੁਦ ਦੀ ਵਕੀਲ ਖੁਦ ਨਹੀਂ ਬਣਦੀ?
ਕਿਉਂ ਕਿਸੇ ਦੇ ਮੂੰਹ ਵੱਲ ਤੱਕਦੀ ਸੀ ਮੈ?
ਕਿਉਂ ਹਰ ਇੱਕ ਤੋਂ ਬੁਰੀ ਕਹਾ ਕੇ ਥੱਕਦੀ ਨਹੀਂ ਮੈਂ?
ਕਿਉਂ ਬੀਤ ਗਏ ਦਾ ਰੋਣਾ ਰੋਵਾ?
ਕਿਉਂ ਵਾਰ ਵਾਰ ਹੋਈ ਬੇਕਦਰੀ ਸੋਚ ਕੇ ਅੱਕਦੀ ਨਹੀਂ ਮੈਂ?
ਖੁਦ ਨੂੰ ਪੁੱਛਿਆ ਕਈ ਵਾਰੀ ਇਹ ਸਭ...
ਸੱਚੀ ਦੱਸ ਅੱਜ ਨੂੰ ਜੀ ਕਿਉਂ ਹੱਸਦੀ ਨਹੀਂ ਮੈਂ?
ਕਿਉਂ ਰਿਸ਼ਤੇ ਨਾਤੇ ਛੁੱਟ ਗਏ ਸਭ?
ਕਿਉਂ ਕਿਸੇ ਨੂੰ ਜੱਚਦੀ ਨਹੀਂ ਮੈ?
ਕਿਉਂ ਰੂਹ ਨੂੰ ਚੈਨ ਨਹੀਂ ਮਿਲਦਾ?
ਕਿਉਂ 'ਮੈਂ ਦੀ ਤਪਸ ਵਿੱਚ ਮੱਚਦੀ ਨਹੀਂ ਮੈਂ?'
ਬੇਗਾਨੀ ਹੀ ਸੀ ਮੈਂ ਪਹਿਲਾ ਵੀ ਸਭ ਲਈ...
ਬੇਗਾਨੀ ਨੇ ਸਭ ਮੇਰੇ ਲਈ ਵੀ ਹੁਣ...
ਝੂਠੇ ਮਿੱਠੇ ਬੋਲਾਂ ਨਾਲ ਹੁਣ ਰਚਦੀ ਨਹੀਂ ਮੈਂ

ਮੇਰੀ ਸੋਚ ਖਾ ਜਾਵੇਗੀ ਮੈਂਨੂੰ ਲੱਗਦਾ ਮੇਰੇ ਲਈ ਹੁਣ ਬਚਦੀ ਨਹੀਂ ਮੈਂ

ਮੈਂ ਸੱਚੀ ਮੇਰੇ ਲਈ ਬਚੀ ਹੀ ਨੀ... ਤੇਰੇ ਲਈ ਤੇਰੇ ਸਾਥ ਲਈ ਤੇਰੀ ਸੋਚ ਲਈ ਤੇਰੀ ਖੁਸ਼ੀ ਲਈ ਤੇਰੇ ਪਰਿਵਾਰ ਲਈ ਮੇਰੀ ਮੈਂ ਮਰ ਗਈ... ਕਿਤੇ ਨਾ ਕਿਤੇ ਰੂਹ ਦੇ ਕਿਸੇ ਹਨੇਰੇ ਕੋਨੇ ਵਿੱਚ ਅੱਜ ਵੀ ਕਦੇ ਕਦੇ ਇੱਕ ਟੀਮ ਉਠਦੀ ਆ ਤੇ ਮਰ ਜਾਂਦੀ ਆ ਜੋ ਰਾਤ ਨੂੰ ਸੌਣ ਨੀ ਦਿੰਦੀ... ਤੇਰੀ ਮੁਹੱਬਤ ਮੈਂਨੂੰ ਮਿਲ ਗਈ ਰੱਬ ਦੀ ਸ਼ੁਕਰਗੁਜ਼ਾਰ ਹਾਂ ਪਰ ਤੜਫ ਵੀ ਨਾਲ ਹੀ ਮਿਲ ਗਈ... ਮੈਂ ਤਾਂ ਸੁਣਿਆ ਸੀ ਜਿਸ ਨੂੰ ਮੁਹੱਬਤ ਮਿਲ ਜਾਂਦੀ ਆ ਸਕੂਨ ਵੀ ਮਿਲ ਜਾਂਦਾ ਪਰ ਮੈਂਨੂੰ ਲੱਗਦਾ ਮੁਹੱਬਤ ਹੀ ਤੜਫ ਦਾ ਦੂਜਾ ਨਾਂ ਹੈ... ਸਕੂਨ ਤਾਂ ਮੌਤ ਤੋਂ ਵਾਦ ਹੀ ਮਿਲਦਾ ਹੈ... ਪਰ ਕਈ ਵਾਰ ਜਿਉਂਦੇ ਮਰ ਜਾਣਾ ਵੀ ਜ਼ਰੂਰੀ ਹੈ ਮੁਹੱਬਤ ਖਾਤਿਰ...

ਤੇਰੀ ਮੁਹੱਬਤ ਵਿੱਚ ਮੈਂ ਖੁਦ ਲਈ ਬਚੀ ਹੀ ਨਹੀਂ...

# ਮਿੱਟੀ

ਮਿੱਟੀ ਦੇ ਨਾਲ ਮਿੱਟੀ ਹੋ ਗਈ ਮਿੱਟੀ ਹੀ ਸੀ ਮੈ...
ਪਾਣੀ ਤੋਂ ਡਰਦੀ ਸੀ ਪਾਣੀ ਵਿੱਚ ਹੀ ਘੁਲ ਗਈ...
ਪੱਥਰ ਨਹੀਂ ਮਿੱਟੀ ਹੀ ਸੀ ਮੈ...
ਘੁਮਿਆਰ ਨੇ ਥੱਪ ਕੇ ਸ਼ੈ ਬਣਾ ਲਈ...
ਤਪ ਤਪਾ ਕੇ ਪੱਕ ਪਕਾ ਲਈ...
ਟੁੱਟ ਗਈ ਪਰ ਠੋਕਰ ਖਾ ਕੇ...
ਕਿਉਂਕਿ ਪੱਥਰ ਨਹੀਂ ਮਿੱਟੀ ਹੀ ਸੀ ਮੈਂ
ਹੱਥਾਂ ਦੇ ਵਿੱਚ ਘੁੱਟ ਕੇ ਰੱਖੀ...
ਹੌਲੀ ਹੌਲੀ ਕਿਰ ਗਈ ਮੈਂ...
ਉੱਡਦੀ ਉੱਡਦੀ ਫਿਰ ਤੋਂ ਮਿੱਟੀ ਦੇ ਵਿੱਚ ਮਿਲ ਗਈ ਮੈਂ...
ਕੀ ਸ਼ਿਕਵਾ ਤੇਰੇ ਤੋਂ ਪਹਿਲਾ ਵੀ ਤਾਂ ਮਿੱਟੀ ਹੀ ਸੀ ਮੈਂ...
ਜੇ ਚਾਹੁੰਦਾ ਸੰਭਾਲ ਕੇ ਰੱਖਣੀ...
ਕੱਚਾ ਜਾ ਇੱਕ ਘਰ ਬਣਾ ਲੈ...
ਲਿੱਪ ਥਿੱਪ ਕੇ ਮਿੱਟੀ ਲਾ ਲੈ...
ਘੁਲ ਮਿਲ ਜਾ ਮਿੱਟੀ ਦੇ ਵਾਂਗਰ...
ਮਿੱਟੀ ਦੇ ਨਾਲ ਮਿੱਟੀ ਹੋ ਜਾ...
ਪੱਥਰ ਹਿਰਦਾ ਮਿੱਟੀ ਬਣਾ ਲੈ...
ਬਦਲਣਾ ਪੈਣਾ ਤੈਨੂੰ ਖੁਦ ਨੂੰ...
ਮੈਂ ਤਾਂ ਪਹਿਲਾਂ ਹੀ ਮਿੱਟੀ ਦੀ ਢੇਰੀ...
ਬਦਲ ਬਦਲ ਫਿਰ ਮਿੱਟੀ ਹੀ ਹੋਗੀ...

# ਆਸ ਦੀ ਲਹਿਰ

26 ਸਿਤੰਬਰ... ਕਾਫ਼ੀ ਪ੍ਰੇਸ਼ਾਨੀ ਭਰੇ ਦਿਨਾਂ ਤੋਂ ਬਾਅਦ ਸੋਚਿਆ ਕਿ ਸਮੁੰਦਰ ਕੰਢੇ ਜਾਇਆ ਜਾਵੇ...

ਚਲੇ ਗਏ... ਸਮੁੰਦਰ ਦੀਆਂ ਲਹਿਰਾਂ ਵੇਖ ਕੇ ਬਹੁਤ ਸਕੂਨ ਵੀ ਮਿਲਿਆ... ਹਰ ਇੱਕ ਲਹਿਰ ਦੀ ਆਵਾਜ਼ ਸਕੂਨ ਦੇ ਰਹੀ ਸੀ... ਇੱਕ ਲਹਿਰ ਆਉਂਦੀ ਤੇ ਦੂਜੀ ਲਹਿਰ ਆਉਂਦੀ ਇਵੇਂ ਹੀ ਕਿੰਨੀਆਂ ਹੀ ਲਹਿਰਾਂ ਇੱਕ ਤੇ ਇੱਕ ਆ ਰਹੀਆਂ ਸੀ...

ਕੰਢੇ ਤੇ ਬੈਠਿਆਂ ਮੈਂ ਲਹਿਰਾਂ ਨੂੰ ਵੇਖ ਕੇ ਸਮਝਣ ਦੀ ਕੋਸ਼ਿਸ ਕਰ ਰਹੀ ਸੀ ਕਿ ਇਹ ਲਹਿਰ ਜੋ ਪਹਿਲੀ ਆਈ ਉਹ ਇੱਕ ਅਹਿਸਾਸ ਸੀ ਮੇਰੇ ਅੰਦਰ ਦਾ ਜੋ ਕੰਢੇ ਤੇ ਪਹੁੰਚ ਹੀ ਰਿਹਾ ਸੀ ਕਿ ਦੂਜੇ ਅਹਿਸਾਸ ਨੇ ਪਿੱਛੋ ਆਕੇ ਪਹਿਲੇ ਜਜ਼ਬਾਤ ਨੂੰ ਖਤਮ ਕਰ ਦਿੱਤਾ ਪਤਾ ਨਹੀਂ ਕਿੰਨੇ ਹੀ ਅਹਿਸਾਸ ਜੋ ਇਹਨਾਂ ਲਹਿਰਾਂ ਵਰਗੇ ਜੋ ਜੁਬਾਨ ਦੇ ਕੰਢੇ ਤੇ ਆਉਣ ਤੋਂ ਪਹਿਲਾਂ ਹੀ ਇਹਨਾਂ ਲਹਿਰਾਂ ਵਾਂਗੂ ਖਤਮ ਹੋ ਗਏ ਸਦਾ ਲਈ...

ਤੇ ਮੈਂ ਵੀ ਇਹਨਾਂ ਲਹਿਰਾਂ ਵਰਗੇ ਅਹਿਸਾਸਾਂ ਨਾਲ ਬਣੀ ਸਮੁੰਦਰ ਵਰਗੀ ਹੀ ਕੋਈ ਸ਼ੈ ਹੀ ਹਾਂ ਜੋ ਆਪਣੇ ਅੰਦਰ ਪਤਾ ਨਹੀਂ ਕੀ ਕੁਝ ਸਮੋ ਕੇ ਬੈਠੀ ਹਾਂ ਪਰ ਫੇਰ ਵੀ ਪਤਾ ਨਹੀਂ ਕਿੰਨੇ ਹੀ ਰਿਸ਼ਤਿਆਂ ਨੂੰ ਸਕੂਨ ਸਹੂਲਤ ਦੇਣ ਦੀ ਕੋਸ਼ਿਸ਼ ਵਿੱਚ ਹਾਂ ਕਈ ਵਾਰ ਕੋਸ਼ਿਸ ਵਿੱਚ ਹਾਂ ਕਈ ਵਾਰ ਕੋਸ਼ਿਸ ਕਰਦੀ ਹਾਂ ਕਿ ਇਹ ਛੋਟੀਆਂ ਛੋਟੀਆਂ ਅਹਿਸਾਸਾਂ ਦੀਆਂ ਲਹਿਰਾਂ ਤੂਫਾਨ ਨਾ ਬਣ ਜਾਣ ਤੇ ਨਾਲ ਵਸਦਾ ਸਭ ਰੋੜ ਕੇ ਲੈ ਜਾਣ ਪਰ ਕੁਦਰਤ ਦੇ ਸਾਥ ਨੇ ਕੁਝ ਨੁਕਸਾਨ ਨਹੀਂ ਹੋਣ ਦਿੱਤਾ ਕਦੇ... ਸ਼ੁਕਰ ਹੈ ਅਹਿਸਾਸ ਦਬੇ ਨੇ ਗਹਿਰਾਈ ਵਿੱਚ ਕਿਤੇ...

ਕਈ ਵਾਰ ਲਹਿਰਾਂ ਵੇਖ ਕੇ ਇਹ ਮਹਿਸੂਸ ਹੋਇਆ ਕਿ ਇਹ ਲਹਿਰਾਂ ਉਹ ਰਿਸ਼ਤੇ ਨੇ ਜੋ ਮੇਰੇ ਤੇ ਇੱਕ ਹਾਵੀ ਹੋ ਰਹੇ ਨੇ... ਮੈਂ ਮਿੱਟੀ ਬਣੀ ਇਹਨਾਂ ਦੇ ਵਿੱਚ ਖੁਰ ਖੁਰ ਅੰਦਰ ਹੀ ਅੰਦਰ ਜਾ ਰਹੀ ਹਾਂ ਤੇ ਇਹਨਾਂ ਪਰਾਏ ਰਿਸ਼ਤਿਆਂ ਦੇ ਝੂਠੇ ਆਪਣੇਪਣ ਦੀ ਗਹਿਰਾਈ ਵਿੱਚ ਡੁੱਬਦੀ ਜਾ ਰਹੀ ਹਾਂ... ਜਿਸ ਉਤੇ ਹੌਲੇ ਹੌਲੇ ਫ਼ਰਜ਼ ਦੀ ਕਾਈ ਜੰਮਦੀ ਜਾ ਰਹੀ ਹੈ ਸਦਾ ਲਈ ਦਬ ਗਈ ਹੈ ਕੱਢੇ ਦੀ ਮਿੱਟੀ...

ਇੱਕ ਵਾਰ ਲੱਗਿਆ ਕਿ ਸਮੁੰਦਰ ਦੀ ਗਹਿਰਾਈ ਵਿੱਚ ਇੱਕ ਸ਼ਾਂਤੀ ਹੈ ਜੋ ਇੱਕ ਤੋਂ ਬਾਅਦ ਦੂਜੀ ਤੇ ਤੀਜੀ ਤੇ ਹਰ ਅਗਲੀ ਲਹਿਰ ਦੇ ਹੱਥ ਮੇ ਰੇ ਲਈ ਸੁਨੇਹਾ ਭੇਜ ਰਹੀ ਹੈ ਕਿ ਆਜਾ ਕਿਉਂ ਦੁਨੀਆਂ ਦੇ ਸ਼ੋਰ ਸ਼ਰਾਬੇ ਵਿੱਚ ਜ਼ਿੰਦਗੀ ਬਰਬਾਦ ਕੀਤੀ ਹੈ ਸ਼ਾਂਤੀ ਸਕੂਨ ਸਦਾ ਲਈ ਤੈਨੂੰ ਬੁਲਾ ਰਿਹਾ ਹੈ ਆਜਾ...

ਪਰ ਅਚਾਨਕ ਪਿੱਛੇ ਤੋਂ ਮੇਰੇ ਬੱਚਿਆਂ ਨੇ ਆਕੇ ਮੈਂਨੂੰ ਪਿਆਰ ਕੀਤਾ ਤੇ ਮੈਂ ਮੇਰੇ ਜਜ਼ਬਾਤਾਂ ਦੇ ਤੂਫਾਨ ਵਿੱਚੋ ਨਿੱਕਲ ਕੇ ਮੇਰੇ ਅਸਲੀ ਸਕੂਨ ਨੂੰ ਮਿਲ ਪਈ ਤੇ ਵਾਪਿਸ ਸਕੂਨ ਭਰੇ ਕਿਨਾਰੇ ਤੇ ਆਪਣੇ ਪਰਿਵਾਰ ਨਾਲ ਰੇਤੇ ਦੇ ਘਰ ਬਣਾਉਣ ਲੱਗੀ।

# ਚੁੱਪ

ਕਰੋੜਾ ਦੀ ਕੋਠੀ... ਲੱਖਾਂ ਦੀ ਗੱਡੀ... ਮਹਿੰਗੇ ਮਹਿੰਗੇ ਕਪੜੇ... ਗਹਿਣੇ... ਮਹਿੰਗੇ ਪਰਸ... ਮਹਿੰਗੀਆਂ ਜੁੱਤੀਆਂ... ਵੱਡਾ ਪਰਿਵਾਰ... ਜੋ ਦਿਲ ਕਰਦਾ ਖ਼ਰੀਦ ਲਉ ਪੈਸੇ ਦੀ ਕਮੀ ਨਹੀਂ... ਕੀ ਇਹੋ ਜ਼ਿੰਦਗੀ ਵਧੀਆ ਹੈ?

ਕੀ ਪੈਸਾ ਹੀ ਸਭ ਕੁਝ ਹੁੰਦਾ ਹੈ?

ਇੱਜ਼ਤ... ਕਦਰ... ਪਰਵਾਹ... ਪਿਆਰ... ਸਤਿਕਾਰ ਇਹ ਜ਼ਰੂਰੀ ਨਹੀਂ...

ਕੀ ਪੈਸਾ ਐਸ਼ ਅਰਾਮ ਇਹ ਸਭ ਇੱਜ਼ਤ ਮਾਣ ਕਦਰ ਵਜੂਦ ਤੋਂ ਉਪਰ ਹੈ...

ਛੋਟੇ ਹੁੰਦਿਆ ਤੋਂ ਕਦੇ ਕਿਸੇ ਚੀਜ਼ ਲਈ ਲਾਲਚ ਨੀ ਕੀਤਾ...

ਮਾਂ ਕਪੜੇ ਚੀਜ਼ਾਂ ਲੈ ਕੇ ਦਿੰਦੀ ਰਹੇ...

ਆਪਣੇ ਹੱਥ ਵੀ ਕਦੇ ਪੈਸੇ ਆਉਂਦੇ ਤਾਂ ਸ਼ੌਂਕ ਲਈ ਕੋਈ ਛੋਟੀ ਮੋਟੀ ਚੀਜ਼ ਲੈ ਲੈਂਦੀ ਕਦੇ ਵੱਡਾ ਨਹੀਂ ਸੀ ਸੋਚਿਆ... ਅਮੀਰੀ ਗਰੀਬੀ ਦਾ ਪਤਾ ਹੀ ਨਹੀਂ ਸੀ ਕੀ ਹੁੰਦੀ ਆ ਕੋਈ ਚੀਜ਼ ਮਿਲ ਜਾਣੀ ਤਾਂ ਵੀ ਠੀਕ ਮਿਲਣੀ ਤਾਂ ਵੀ ਠੀਕ... ਪਤਾ ਨਹੀਂ ਸੀ ਕਿ ਕੌਣ ਕਦੋਂ ਚਲਾਕੀ ਕਰਕੇ ਭੋਲਾ ਬਣ ਜਾਂਦਾ ਤੇ ਮੈਨੂੰ ਉਦੋਂ ਹੀ ਪਤਾ ਲੱਗਦਾ ਜਦੋ ਕਿਸੇ ਦੀ ਸਾਜਿਸ਼ ਦਾ ਸ਼ਿਕਾਰ ਬਣ ਕੇ ਕਟਹਿਰੇ ਵਿੱਚ ਖੜ੍ਹੀ ਹੁੰਦੀ ਸਭ ਦੇ ਮੂੰਹ ਵੇਖਦੀ ਰਹਿ ਜਾਂਦੀ ਕਿ ਮੈਨੂੰ ਤਾਂ ਪਤਾ ਹੀ ਨੀ ਲੱਗਿਆ ਕੌਣ ਚਲਾਕੀ ਕਰ ਗਿਆ ਤੇ ਦੋਸੀ ਮੈਂ ਬਣ ਗਈ...

ਆਪਣੇ ਕੀ ਪਰਾਏ ਕੀ ਸਭ ਵਰਤ ਗਏ...

ਜਾਂਦੇ ਜਾਂਦੇ ਇਲਜ਼ਾਮਾਂ ਦੀ ਪੰਡ ਇਨਾਮ ਵਿੱਚ ਦੇ ਗਏ...

ਹੁਣ ਵੀ ਇਹੋ ਹੁੰਦਾ ਆ ਰਿਹਾ...

ਜੇ ਕਦੇ ਮੇਰੇ ਰੱਬ ਅੱਗੇ ਫਰਿਆਦ ਕਰਦੀ ਹਾਂ ਤਾਂ ਜਵਾਬ ਮਿਲਦਾ

ਮਿਲ ਤੇ ਰਿਹਾ ਤੈਨੂੰ ਸਭ ਕੁਝ... ਸਭ ਚੀਜ਼ਾਂ ਕਾਹਦੀ ਘਾਟ ਆ...

ਖੁਸ਼ ਰਿਹਾ ਕਰ ਮੈਂ ਨਾਲ ਹਾਂ ਤੇਰੇ...

ਮੈਂ ਪੁੱਛਦੀ ਹਾਂ...ਕੀ ਤੇਰਾ ਸਾਥ ਕਿਸ ਗੱਲੋਂ ਚਾਹੀਦਾ ਸੀ... ਤੂੰ ਮੇਰੀਆਂ ਕਿਸ ਲੋੜਾਂ ਨੂੰ ਪੂਰੀਆ ਕਰਨ ਦਾ ਵਾਅਦਾ ਕੀਤਾ ਸੀ ਕਿ ਪੈਸੇ... ਵੱਡਾ ਘਰ ਸਭ ਇਹੋ ਜ਼ਰੂਰੀ ਸੀ...

ਹਾਂ ਮਿਲ ਤੇ ਗਿਆ ਸਭ ਕੁਝ... ਪਰ ਮੇਰੀ ਰੂਹ ਮਰ ਗਈ... ਮੇਰੇ ਵਜੂਦ ਚ ਸਾਹ ਤੋਂ ਬਿਨਾਂ ਕੁਝ ਵੀ ਨਹੀਂ ਬਚਿਆ... ਹਾਂ ਇੱਕ ਤੇਰੀ ਮੁਹੱਬਤ...

ਕੱਲ ਦਾ ਪਤਾ ਨਹੀਂ ਪਰ ਅੱਜ ਚੁੱਪ ਹਾਂ ਮੈਂ...

ਧੁੱਪ ਵਿੱਚ ਸੜਦੀ... ਧੁੱਪ ਨੂੰ ਸਾੜਦੀ... ਖੁਦ ਵੀ ਧੁੱਪ ਹਾਂ ਮੈਂ...

ਕਿਸੇ ਪਤਝੜ ਵਿੱਚ ਸੁੱਕ ਗਿਆ... ਰੁੱਖ ਹਾਂ ਮੈਂ...

ਹਰ ਇੱਕ ਦੇ ਸੁੱਖ ਦਾ ਸਾਧਨ... ਪਰ ਖੁਦ ਲਈ ਦੁੱਖ ਹਾਂ ਮੈਂ...

ਪਰ ਕਿਉਂ...

ਸਭ ਕੁਝ ਜਾਣਦੀ ਸਮਝਦੀ ਹਾਂ ਫੇਰ ਵੀ ਅਣਜਾਣ ਹਾਂ...

ਕਿਉਂ ਨਹੀ ਸਮਝਦੀ ਖੁਦ ਨੂੰ... ਖੁਦ ਦੇ ਦੁੱਖ ਸੁੱਖ ਨੂੰ

ਕਿਉਂ ਨਹੀ ਸਮਝਦੀ ਕਿ... ਮਸ਼ੀਨ ਨਹੀਂ ਮਨੁੱਖ ਹਾਂ ਮੈਂ...

ਨਹੀਂ ਸਮਝਦੀ ਹਾਂ ਸਭ ਪਰ ਫੇਰ ਵੀ ਚੁੱਪ ਹਾਂ ਮੈਂ...

# ਮੇਰਾ ਰੱਬ

ਤੈਨੂੰ ਪਤਾ ਮੇਰਾ ਰੱਬ ਮੇਰੇ ਕੋਲ ਰਹਿੰਦਾ...
ਮੇਰਾ ਰੱਬ ਮੇਰਾ ਦੁੱਖ ਸੁੱਖ ਸੁਣਦਾ...
ਮੇਰਾ ਰੱਬ ਮੇਰਾ ਸਾਥ ਦਿੰਦਾ...
ਤੇ ਮੇਰੇ ਜਿਉਣ ਦੀ ਹਿਮੰਤ ਵਧਾ ਦਿੰਦਾ...
ਤੈਨੂੰ ਪਤਾ ਮੇਰਾ ਰੱਬ ਮੇਰੀ ਸਭ ਅਰਦਾਸ ਸੁਣਦਾ...
ਤੇ ਕਦੇ ਕਦੇ ਦੇਰ ਨਾਲ ਹੀ ਸਹੀ
ਮਿੰਨਤਾਂ ਤਰਲੇ ਕਰਵਾ ਕੇ...
ਪਰ ਮੇਰੀ ਅਰਦਾਸ ਪੂਰੀ ਜ਼ਰੂਰ ਕਰਦਾ...
ਤੈਨੂੰ ਪਤਾ ਮੇਰਾ ਰੱਬ ਕਦੇ ਕਦੇ ਮੇਰੇ ਨਾਲ ਗੱਲਾਂ ਵੀ ਕਰਦਾ...
ਤੇ ਉਸ ਦਿਨ ਮੈਂ ਸਕੂਨ ਨਾਲ ਭਰ ਜਾਂਦੀ ਹਾਂ...
ਤੈਨੂੰ ਪਤਾ ਮੇਰਾ ਰੱਬ ਕਦੇ ਕਦੇ ਨਾਰਾਜ਼ ਵੀ ਹੋ ਜਾਂਦਾ...
ਉਦੋਂ ਮੈਂ ਖੁਦ ਹੀ ਨਾਰਾਜ਼ ਹੋਕੇ ਰੱਬ ਨਾਲ ਰੁੱਸ ਜਾਂਦੀ ਹਾਂ...
ਤੇ ਮੇਰਾ ਰੱਬ ਮੈਨੂੰ ਹੀ ਮਨਾਉਣ ਵਿੱਚ ਆਪਣਾ ਗੁੱਸਾ ਭੁਲਾ ਦਿੰਦਾ...
ਤੈਨੂੰ ਪਤਾ ਮੇਰਾ ਰੱਬ ਸਜਾਵਾਂ ਵੀ ਦਿੰਦਾ
ਪਰ ਉਹਨਾਂ ਗੁਨਾਹਾਂ ਦੀ ਜੋ ਕਦੇ ਕੀਤੇ ਹੀ ਨਹੀਂ ਹੁੰਦੇ...
ਮੈਂ ਕਦੇ ਮੇਰੇ ਰੱਬ ਨੂੰ ਧੋਖਾ ਨੀ ਦਿੱਤਾ...
ਫੇਰ ਵੀ ਉਹ ਕਦੇ ਕਦੇ ਮੇਰੇ ਤੇ ਯਕੀਨ ਕਰਨੋਂ ਹਟ ਜਾਂਦਾ...
ਤੈਨੂੰ ਪਤਾ ਮੈਂ ਤੇ ਮੇਰਾ ਰੱਬ ਇੱਕ ਦੂਜੇ ਨੂੰ ਬਹੁਤ ਮੁਹੱਬਤ ਕਰਦੇ ਹਾਂ
ਇੱਕ ਦੂਜੇ ਬਿਨਾਂ ਰਹਿ ਨਹੀਂ ਸਕਦੇ...

ਇਸ ਲਈ ਇੱਕ ਦੂਜੇ ਦੀਆਂ ਅਣਜਾਣੇ ਵਿੱਚ ਹੋਈਆਂ ਗਲਤੀਆਂ ਭੁਲਾ ਦਿੰਦੇ ਹਾਂ...

ਜਿਸ ਦਿਨ ਮੈਂ ਮੇਰੇ ਰੱਬ ਨੂੰ ਮਿਲੀ ਸੀ ਉਸ ਦਿਨ ਤੋਂ ਉਹੀ ਮੇਰੀ ਮੰਜ਼ਿਲ ਬਣ ਗਿਆ... ਮੇਰੀ ਜ਼ਿੰਦਗੀ ਬਣ ਗਿਆ... ਮੈਂ ਮੇਰੇ ਰੱਬ ਦੀ ਭਗਤਣੀ ਹੋ ਗਈ... ਉਸ ਸਮੇਂ ਮੇਰਾ ਰੱਬ ਮੇਰਾ ਰੱਬ ਹੀ ਬਣ ਕੇ ਰਿਹਣਾ ਚਾਹੁੰਦਾ ਸੀ ਭਗਤ ਨਹੀਂ ਸੀ ਬਣਨਾ ਚਾਹੁੰਦਾ... ਇਸ ਤਰਾਂ ਸ਼ਾਇਦ ਉਹਦੇ ਪੁਜਾਰੀ ਰੁੱਸ ਜਾਂਦੇ... ਜਿਵੇਂ ਵੀ ਸੀ ਮੇਰਾ ਰੱਬ ਮੈਨੂੰ ਮਿਲ ਗਿਆ ਸੀ... ਮੈਂ ਰੱਬ ਨੂੰ ਦੋਸਤ ਨਹੀਂ ਬਣਾ ਸਕੀ ਕਿਉਂਕਿ ਮੈਂ ਰੱਬ ਤੋਂ ਡਰਦੀ ਰਹੀ... ਕਿਉਂਕਿ ਮੈਂ ਸੁਣਿਆ ਸੀ ਰੱਬ ਕਦੇ ਕਦੇ ਸਜ਼ਾ ਵੀ ਦਿੰਦਾ ਉਹਨਾਂ ਗੁਨਾਹਾਂ ਦੀ ਜੋ ਕਦੇ ਕੀਤੇ ਨਹੀਂ ਹੁੰਦੇ... ਮੇਰਾ ਰੱਬ ਕਦੇ ਕੇਦ ਛੋਟੀ ਛੋਟੀ ਗੱਲ ਤੇ ਨਾਰਾਜ਼ ਵੀ ਹੋ ਜਾਂਦਾ ਮੈਂਨੂੰ ਰੱਬ ਨੂੰ ਮਨਾਉਣਾ ਨਹੀਂ ਸੀ ਆਉਂਦਾ ਤੇ ਮੈਂ ਰੱਬ ਦੇ ਦਰ ਤੇ ਬੈਠੀ ਰੱਬ ਲਈ ਰੋਂਦੀ ਰਹਿੰਦੀ ਸੀ... ਕੁਝ ਦਿਨ ਬਾਅਦ ਰੱਬ ਆਪਣੇ ਆਪ ਮੰਨ ਜਾਂਦਾ ਤੇ ਹੌਲੀ ਹੌਲੀ ਰੱਬ ਨਾਰਾਜ਼ ਹੋਣੋ ਹਟ ਗਿਆ... ਸ਼ਾਇਦ ਉਸ ਨੂੰ ਮੇਰੀ ਭਗਤੀ ਤੇ ਯਕੀਨ ਹੋਣ ਲੱਗ ਗਿਆ ਸੀ... ਸ਼ਾਇਦ ਮੈਂਨੂੰ ਉਸ ਨੂੰ ਯਕੀਨ ਦਵਾਉਣਾ ਨਹੀਂ ਸੀ ਆਉਂਦਾ... ਮੈਨੂੰ ਢੰਗ ਨਹੀਂ ਸੀ ਰੱਬ ਨਾਲ ਗੱਲਾਂ ਕਰਨ ਦਾ... ਸਮਾਂ ਬੀਤਦਾ ਗਿਆ...

(ਵਹਿਮ) ਮੇਰੀ ਮੇਰੇ ਰੱਬ ਨਾਲ ਵਧੀਆਂ ਬੀਤ ਦੀ ਗਈ... ਤੇ ਹੋਲੀ ਹੋਲੀ ਮੇਰਾ ਰੱਬ ਬਦਲ ਗਿਆ... ਹੁਣ ਮੇਰਾ ਰੱਬ ਮੇਰੀ ਸੁਣਦਾ ਵੀ ਆ ਤੇ ਮੈਂਨੂੰ ਸਮਝਦਾ ਵੀ ਆ... ਨਾਰਾਜ਼ ਵੀ ਹੁੰਦਾ ਮੰਨ ਵੀ ਜਾਂਦਾ ਤੇ ਮਨਾ ਵੀ ਲੈਂਦਾ... ਮੇਰਾ ਰੱਬ ਮੈਂਨੂੰ ਮੇਰੇ ਤੋਂ ਜਿਆਦਾ ਪਿਆਰ ਕਰਦਾ) ਪਰ ਮੈਂਨੂੰ ਮੇ ਰੇ ਤੋਂ ਜਿਆਦਾ ਸਮਝਦਾ ਸਮਝਦਾ ਨਹੀਂ... ਬਹੁਤ ਗੱਲਾਂ ਜੋ ਦਿਲ ਵਿੱਚ ਹੀ ਰਹਿ ਗਈਆਂ ਪਰ ਕਹਿ ਨਹੀਂ ਹੋਈਆਂ... ਇਸ ਗੱਲੋਂ ਕਿਤੇ ਰੱਬ ਰੁੱਸ ਹੀ ਨਾ ਜਾਵੇ... ਕਿਤੇ ਕਿਸੇ ਗੱਲੋਂ ਸਜ਼ਾ ਹੀ ਨਾ ਸੁਣਾ ਦੇਵੇ... ਇਸ ਲਈ

ਕਦੇ ਕਦੇ ਮੈਂ ਰੱਬ ਨਾਲ ਮਨ ਹੀ ਮਨ ਗੱਲਾਂ ਕਰਦੀ ਹਾਂ... ਸ਼ਾਇਦ ਰੱਬ ਮਨ ਦੀ ਸਮਝ ਲਵੇ... ਜੁਬਾਨ ਦੀ ਨਾ ਸਮਝੇ...

ਬਾਕੀ ਸਭ ਤੋਂ ਵੱਡੀ ਗੱਲ ਮੇਰਾ ਰੱਬ ਮੇਰੇ ਕੋਲ ਆ... ਮੇਰੇ ਨਾਲ ਬੋਲਦਾ... ਮੁਹੱਬਤ ਕਰਦਾ... ਪਰ ਰਿਹਾ ਰੱਬ ਹੀ ਭਗਤਣੀ ਦਾ ਭਗਤ ਨਹੀਂ ਹੋਇਆ...

# ਜ਼ਿੰਦਗੀ ਦੀ ਜੰਗ

ਜ਼ਿੰਦਗੀ ਕੀ ਹੈ ਕਿਉਂ ਹੈ ਸਵਾਲ ਹੈ
ਮਨ ਸਮਝਾਉਣ ਲਈ ਜਵਾਬ ਵੀ ਨੇ...
ਪਰ ਸੱਚ ਕੀ ਹੈ ਇਹ ਕੋਈ ਨਹੀਂ ਸਮਝਣਾ ਚਾਹੁੰਦਾ...
ਮੈ ਵੀ ਨਹੀਂ...

ਸੱਚਾਈ ਏਹੀ ਹੈ ਕਿ ਅੱਜ ਦੇ ਸਮੇਂ ਵਿੱਚ ਕੋਈ ਕਿਸੇ ਦਾ ਨਹੀਂ ਜੇ ਕੋਈ ਕਿਸੇ ਦਾ ਹੈ ਵੀ ਤਾਂ ਕੋਈ ਮਜ਼ਬੂਰੀ ਜਾਂ ਫਾਇਦਾ ਰੱਖਣ ਲਈ ਹੀ ਹੈ...

ਮੈਂ ਇਹ ਨਹੀਂ ਕਹਿੰਦੀ ਕਿ ਪਿਆਰ ਮੁਹੱਬਤ ਦੇ ਰਿਸ਼ਤੇ ਨਹੀਂ ਹਨ...

ਉਹ ਵੀ ਨੇ ਬਹੁਤ ਨੇ ਤੇ ਉਹਨਾਂ ਨੂੰ ਦੁਨੀਆਂ ਟਿਕਣ ਨੀ ਦਿੰਦੀ...

ਜਿਥੋਂ ਤਕ ਮੇਰਾ ਤਜਰਬਾ ਰਿਹਾ ਸਭ ਮਤਲਬ ਖੋਰ ਹੀ ਮਿਲੇ ਨੇ ਜਾਂ ਉਹ ਜੋ ਪੈਰਾਂ ਥੱਲੇ ਰੱਖਣਾ ਚਾਹੁੰਦੇ ਸੀ...

ਕੁਝ ਰਿਸਤੇ ਜੋ ਬਿਨਾਂ ਮਤਤਲਬ ਤੋਂ ਸਾਥ ਦਿੰਦੇ ਨੇ ਉਹੀ ਸੱਚੇ ਨੇ...

ਕਈ ਵਾਰ ਦੁੱਖ ਵੀ ਹੁੰਦਾ ਹੈ ਕਿ ਜਿਹਨਾਂ ਵਾਰੇ ਚੰਗਾ ਸੋਚਿਆ ਹੋਵੇ ਉਹੀ ਤੁਹਾਨੂੰ ਬੁਰਾ ਬਣਾਉਣ ਤੇ ਲੱਗੇ ਹੋਣ ਪਰ ਕੀ ਕਰ ਸਕਦੇ ਹਾਂ ਕੁਝ ਲੋਕਾਂ ਦੀ ਸੋਚ ਫਿਤਰਤ ਹੀ ਐਹੋ ਜਹੀ ਹੁੰਦੀ ਹੈ ਕਿ ਉਹਨਾਂ ਨੂੰ ਕੋਈ ਨਾ ਕੋਈ ਜ਼ਰੂਰ ਚਾਹੀਦਾ ਹੁੰਦਾ ਜੋ ਉਹਨਾਂ ਦੀਆਂ ਸਾਜਿਸ਼ਾਂ ਦਾ ਸ਼ਿਕਾਰ ਬਣਿਆ ਰਹੇ... ਹਾਂ ਇੱਕ ਤਰਾਂ ਦੀ ਬੀਮਾਰੀ ਹੀ ਸਮਝ ਲਓ... ਜਿਸ ਕਰਕੇ ਉਹਨਾਂ ਨੂੰ ਸਕੂਨ ਨਾਲ ਰਹਿਣਾ ਨਹੀਂ ਆਉਂਦਾ ਤੇ ਨਾਂ ਆਪਣੇ ਆਸ ਪਾਸ ਦੇ ਲੋਕਾਂ ਨੂੰ ਸਕੂਨ ਨਾਲ ਰਹਿਣ ਦਿੰਦੇ ਹਨ... ਇਹਨਾਂ ਦਾ

ਇਕੋ ਇਲਾਜ ਹੈ ਕਿ ਇਹਨਾਂ ਤੋਂ ਪਾਸਾ ਵੱਟ ਲਓ ਜਾਂ ਜੇ ਇਹ ਨਹੀਂ ਕਰ ਸਕਦੇ ਤਾਂ

ਆਪਣੇ ਆਪਣੇ ਨਾਂ ਦੇ ਰੱਬ ਨੂੰ ਯਾਦ ਕਰਕੇ ਇਸ ਬੇਵਜਾਹ ਦੀ ਜੰਗ ਵਿੱਚ ਕੁੱਦ ਜਾਓ ਮਿਲਣਾ ਤੇ ਕੁਝ ਨਹੀਂ ਪਰ ਇਹ ਮਜ਼ਬੂਰੀ ਹੀ ਸਮਨ ਲਓ ਕਿਉਂਕਿ ਹੋਰ ਕੋਈ ਹੱਲ ਨਹੀਂ ਇਹਨਾਂ ਦਾ...

ਇਹਨਾਂ ਨੂੰ ਸਮਝਾਉਣਾ ਮੱਝ ਅੱਗੇ ਬੀਨ ਵਜਾਉਣ ਬਰਾਬਰ ਜਾਂ ਸਮਝੋ ਪੱਥਰ ਵਿੱਚ ਖੁਦ ਟੱਕਰ ਮਾਰਨ ਬਰਾਬਰ ਹੁੰਦਾ ਹੈ...

ਮੈ ਨਹੀਂ ਕਹਿੰਦੀ ਮੈਂ ਚੰਗੀ ਹਾਂ ਬਾਕੀ ਬੁਰੇ... ਬਾਕੀ ਤਾਂ ਜਿਵੇਂ ਨੇ ਪਤਾ ਨਹੀਂ ਪਰ ਮੈਂ ਆਪਣੀ ਤਰੀਫ਼ ਨਹੀਂ ਕਰ ਸਕਦੀ ਕਿਉਂਕਿ ਮੈਂ ਜੰਗ ਵਿੱਚ ਕੁੱਦ ਗਈ ਹਾਂ ਤੇ ਐਹੋ ਜਹੇ ਲੋਕਾਂ ਨੇ ਚੰਗੇ ਰਹਿਣ ਨਹੀਂ ਦਿੱਤੀ ਸੋ ਵਾਹਿਗੁਰੂ ਭਲੀ ਕਰਨ ਸਭ ਠੀਕ ਰਹਿਣ ਬੁਰੇ ਭਲੇ ਸਭ ਗੁਨਾਹਗਾਰ...

# ਕਿੱਥੇ ਵਸਦਾ ਰੱਬ

ਕਈ ਵਾਰ ਲੱਗਦਾ ਕਿ ਸਭ ਕਹਿੰਦੇ ਨੇ ਰੱਬ ਤੋਂ ਡਰੋ ਜਾਂ ਰੱਬ ਸਾਡੀ ਅਰਦਾਸ ਸੁਣਨਗੇ... ਜਾਂ ਰੱਬ ਸਾਡੇ ਅੰਦਰ ਹੀ ਹੈ ਜਾਂ ਰੱਬ ਸਭ ਵੇਖ ਰਿਹਾ ਹੈ ਪਰ ਕੀ ਰੱਬ ਸੱਚੀ ਹੈ?

ਜੇ ਸੱਚੀ ਹੈ ਤਾਂ ਕਿਸ ਰੂਪ ਵਿੱਚ ਹੈ ਅੱਜ ਕੱਲ੍ਹ ਕਿਸੇ ਵੀ ਸ਼ੈ ਦੀ ਪਰਖ ਤੋਂ ਬਿਨਾਂ ਕਦਰ ਨਹੀਂ... ਸੱਚ ਵੇਖ ਕੇ ਅੱਖਾਂ ਬੰਦ ਕਰਨ ਦਾ ਜ਼ਮਾਨਾ ਹੈ ਰੱਬ ਤੇ ਯਕੀਨ ਕਿਵੇਂ ਕਰੀਏ ਜਿਸ ਨੂੰ ਕਦੇ ਵੇਖਿਆ ਹੀ ਨਹੀਂ...

ਜੇ ਰੱਬ ਵਸਦਾ ਹਰ ਇੱਕ ਅੰਦਰ...
ਤਾਂ ਰੱਬ ਵਗਦਾ ਸੀਤਲ ਹਵਾ ਦੇ ਵਾਂਗਰ...
ਜਾਂ ਰੱਬ ਹੁੰਦਾ ਸ਼ਾਂਤ ਸਮੁੰਦਰ ਵਾਂਗਰ...
ਜਾਂ ਰੱਬ ਚਿਹਕਦਾ ਚਿੜੀਆ ਵਾਂਗਰ...
ਜਾਂ ਮਹਿਕਦਾ ਫੁੱਲਾਂ ਵਾਂਗਰ...
ਜਾਂ ਰੱਬ ਹੁੰਦਾ ਇੱਕ ਨਿਰਸਵਾਰਥ ਰਿਸਤੇ ਵਾਂਗਰ...
ਜਾਂ ਰੱਬ ਹੁੰਦਾ ਪਵਿੱਤਰ ਮੁਹੱਬਤ ਵਾਂਗਰ...
ਜੇ ਰੱਬ ਸੱਚੀ ਵਸਦਾ ਹਰ ਇੱਕ ਲਈ ਸ਼ੈਅ ਦੇ ਅੰਦਰ...
ਤਾਂ...
ਮੈਂ ਰੱਬ ਵੇਖਿਆ ਝਾੜੀਆਂ ਪਿੱਛੇ... ਜਲੀਲ ਹੁੰਦਾ ਹੋਇਆ...
ਮੈ ਰੱਬ ਵੇਖਿਆ
ਕੂੜੇ ਦੇ ਢੇਰ ਵਿੱਚ ਕਪੜੇ ਵਿੱਚ ਲਪੇਟਿਆ ਹੋਇਆ...
ਮੈਂ ਰੱਬ ਵੇਖਿਆ ਅੱਗ ਵਿੱਚ ਸੜ ਦਾ...

ਮੈਂ ਰੱਬ ਵੇਖਿਆ ਫਾਹੇ ਚੜਦਾ...
ਮੈਂ ਰੱਬ ਵੇਖਿਆ ਭੁੱਖ ਨਾਲ ਲੜਦਾ...
ਮੈਂ ਰੱਬ ਵੇਖਿਆ ਖੁਦ ਦੇ ਅੰਦਰ ਤੜਫਦਾ...
ਖੁਦ ਨਾਲ ਝਗੜਦਾ...
ਮੈਂ ਰੱਬ ਵੇਖਿਆ ਮੰਦਰ ਮਸੀਤ ਤੇ ਗੁਰਦੁਆਰੇ ਲਈ ਲੜਦਾ...
ਮੈਂ ਰੱਬ ਵੇਖਿਆ ਗਰੀਬ ਨਾਲ ਵਿਤਕਰਾ ਕਰਦਾ...
ਮੈਂ ਰੱਬ ਵੇਖਿਆ ਸੜਕਾਂ ਤੇ ਵਿਕਦਾ...
ਮੈਂ ਰੱਬ ਵੇਖਿਆ ਲੁਕ ਲੁਕ ਇੱਜ਼ਤ ਕਦਰ ਲਈ ਵਿਲਕਦਾ...
ਮੈਂ ਰੱਬ ਵੇਖਿਆ ਖੁਦ ਦੇ ਅੰਦਰ ਤੜਫਦਾ...
ਖੁਦ ਨਾਲ ਝਗੜਦਾ...
ਕਿੱਥੇ ਹੈ ਰੱਬ ਸੱਚੀ ਮੈਨੂੰ ਨੀ ਦਿਖਦਾ...
ਜੇ ਕਿਤੇ ਤੁਹਾਨੂੰ ਰੱਬ ਮਿਲਿਆ ਤਾਂ ਮੈਨੂੰ ਵੀ ਦੱਸਿਓ...

# ਖੈਰ

ਤੇਰੀ ਖਾਤਿਰ ਝੱਲ ਰਹੇ ਹਾਂ...

ਨਹੀਂ ਮੈਂ ਕਿਸੇ ਤੋਂ ਕੀ ਲੈਣਾ ਸੀ...

ਕੀ ਸੀ ਮੈਂ ਕੀ ਬਣ ਗਈ...

ਕਿਸੇ ਦੀ ਗੱਲ ਕਿਵੇਂ ਕਹੀ ਜਾਂਦੀ ਹਾਂ... ਕੋਈ ਵੀ ਕੁਝ ਵੀ ਬੋਲ ਦਿੰਦਾ ਚਲਾ ਜਾਂਦਾ... ਖੁਦ ਦਾ ਖੱਖ ਨੀ ਰੱਖ ਹੁੰਦਾ ਰੋਂਦੀ ਰਹਿੰਦੀ ਹਾਂ ਕਿ ਕੋਈ ਮੇਰਾ ਪੱਖ ਲਵੇਗਾ ਮੇਰੇ ਵਾਰੇ ਸੋਚੇਗਾ... ਕਿਉਂ ਕਿਸੇ ਤੇ ਨਿਰਭਰ ਹਾਂ ਮੈਂ...

ਕਈ ਵਾਰ ਸੋਚਦੀ ਹਾਂ ਕਿਉਂ ਹਰ ਇੱਕ ਨੂੰ ਬੁਰੀ ਲੱਗਦੀ ਹਾਂ ਇਨੀਂ ਬੁਰਾ ਕੀ ਕੀਤਾ ਮੈਂ ਕਿਸੇ ਦਾ ਹਰ ਇੱਕ ਰਿਸ਼ਤਾ ਜੋ ਮੇਰੇ ਨਾਲ ਜੁੜਿਆ ਨਕਾਰਾਤਮਕ ਸੋਚ ਬਣਾ ਬੈਠਾ ਮੇਰੇ ਲਈ...

ਕਿਉਂ ਮੇਰੇ ਰਿਸ਼ਤੇ ਮੇਰੇ ਹੀ ਦੁਸ਼ਮਣ ਬਣੇ...

ਕਿਉਂ ਖੁਦ ਵਿੱਚ ਉਲਝ ਗਈ...

ਕਿਉਂ ਕੋਈ ਮੇਰੇ ਵਾਰੇ ਨਹੀਂ ਸੋਚਦਾ...

ਜੇ ਸੋਚਦਾ ਤਾਂ ਸਿਰਫ ਬੁਰਾ...

ਇਨਾਂ ਬੁਰਾ ਸੋਚਣ ਵਾਲੇ ਬੋਲਣ ਵਾਲੇ... ਸਭ ਹੁਣ ਜੇ ਚੰਗਾ ਬੋਲਦੇ ਆ ਤਾਂ ਸਿਰਫ ਨਾਟਕ ਲੱਗਦਾ ਹੁਣ ਕਿਸੇ ਦੇ ਬੋਲੇ ਮਿੱਠੇ ਬੋਲਾਂ ਤੇ ਯਕੀਨ ਨਹੀਂ ਹੁੰਦਾ ਹੁਣ...

ਮਨ ਅੱਕ ਗਿਆ ਸਭ ਰਿਸ਼ਤਿਆਂ ਤੋ...

ਖੁਦ ਦੀ ਜ਼ਿੰਦਗੀ ਜਿਉਣ ਨੂੰ ਦਿਲ ਕਰਦਾ ਕਦੇ ਕਦੇ... ਕਿਸੇ ਤੇ

ਨਿਰਭਰ ਨਾ ਹੋਵਾਂ... ਕਿਸੇ ਦੇ ਅਹਿਸਾਨ ਨਾ ਕਰਾਵਾਂ... ਦੋ ਰੋਟਿਆਂ ਲਈ ਖ਼ੁਦ ਦੀ ਇੱਜ਼ਤ... ਕਦਰ... ਨਾ ਗਵਾਵਾਂ...

ਪਰ ਕੀ ਕਰਾਂ ਉਸ ਨੂੰ ਕਿਵੇਂ ਸਮਝਾਵਾਂ ਮੇਰਾ ਸਾਥ ਦੇਣ ਲਈ ਜੀਵਨ ਸਾਥੀ ਬਣਿਆ... ਜੀਵਨ ਸਾਥੀ ਦਾ ਮਤਲਬ ਕੀ ਹੁੰਦਾ ਕੀ ਇਕਠੇ ਖਾਣਾ ਖਾਓ ਇਕਠੇ ਰਾਤ ਬਿਤਾਓ... ਇੱਕ ਦੂਜੇ ਨੂੰ ਜ਼ਰੂਰਤ ਦੀਆਂ ਚੀਜ਼ਾਂ ਲਿਆ ਦੋ... ਕੀ ਸਿਰਫ ਏਹੀ ਸਾਥ ਹੁੰਦਾ ਏਹੀ ਪਿਆਰ ਹੁੰਦਾ ਕੀ ਇੱਕ ਦੂਜੇ ਦਾ ਮਾਣ ਇੱਕ ਦੂਜੇ ਦੀ ਇੱਜ਼ਤ ਕੁਝ ਨਹੀਂ ਹੁੰਦੀ

ਰਾਹ ਜਾਂਦੇ ਜਾਂ ਵਾਹ ਜਾਂਦੇ
ਤੇਰੇ ਦਰ ਤੋਂ ਮੂੰਹ ਵੱਟ ਕੇ ਲੰਘ ਜਾਂਦੇ...
ਚੰਗੇ ਰਹਿੰਦੇ ਜਾਂ ਮਾੜੇ ਪਰ ਖ਼ੁਦ ਨੂੰ ਪਾ ਜਾਂਦੇ...
ਪਰ
ਹੁਣ ਤਾਂ ਤੇਰੇ ਦਰ ਤੇ ਰਹਿ ਗਏ ਹਾਂ...
ਨਾ ਆਗਾਹ ਜਾਂਦੇ ਨਾ ਪਿਛਾਂਹ ਜਾਂਦੇ...
ਖ਼ੁਦ ਨੂੰ ਮਾਰ ਗਏ ਹਾਂ...
ਤੇਰੇ ਦਰ ਤੇ...
ਤੇਰਾ ਹੱਕ ਸੀ ਜ਼ਿੰਦਗੀ ਦੀ ਖੈਰ ਦੇਣ ਦਾ...
ਜੇ ਤੇਰੇ ਹੱਥ ਖ਼ਾਲੀ ਸੀ ਮੇਰੇ ਲਈ ਅਸੀਂ ਤੇਰੇ ਦਰ ਤੇ ਨਾ ਜਾਂਦੇ...
ਜਾਂ ਆਗਾਹ ਜਾਂਦੇ ਜਾਂ ਪਿਛਾਂਹ ਜਾਂਦੇ...
ਹਾਂ ਸਾਇਦ ਖ਼ੁਦ ਨੂੰ ਪਾ ਜਾਂਦੇ...

# ਮੁਰਦਾ

ਹਾਂ ਮੈਂ ਮੁਰਦਾ ਹਾਂ... ਤੂੰ ਵੀ ਮੁਰਦਾ ਹੈ... ਇਥੇ ਸਭ ਹੀ ਮੁਰਦਾ ਨੇ ... ਫਿਰ ਜਿਉਂਦਾ ਕੌਣ ਹੈ... ਜਿਉਂਦੀਆਂ ਨੇ ਕਬਰਿਸਤਾਨ ਵਿੱਚ ਰੂਹਾਂ ਜੋ ਆਜ਼ਾਦ ਹੋ ਚੁੱਕਿਆਂ ਨੇ ਮੁਰਦਾ ਜ਼ਿੰਦਗੀ ਤੋਂ ਚਲੀਆਂ ਗਈਆਂ ਨੇ ਮੁਰਦਾਘਰ ਵਿੱਚੋਂ... ਉਹ ਰੂਹਾਂ ਜੋ ਜਿਉਂਦੇ ਜੀ ਮਰ ਚੁੱਕਿਆ ਸੀ... ਸਵਾਲ ਇਹ ਆ ਕਿ ਕੋਈ ਜਿਉਂਦੇ ਜੀਅ ਮੁਰਦਾ ਕਿਵੇਂ ਹੋ ਸਕਦਾ ਪਰ ਸੋਚੋ ਮੁਰਦਾ ਹੀ ਹੈ ਅੱਜ ਕੱਲ ਇਨਸਾਨ... ਜ਼ਮੀਰ ਮਰ ਚੁੱਕੀ ਹੈ... ਸਾਫ ਸੱਚੇ ਦਿਲ ਦਾ ਕਤਲ ਕਰ ਦਿੱਤਾ ਗਿਆ ਹੈ... ਇਨਸਾਨ ਦੇ ਅੰਦਰ ਇਨਸਾਨੀਅਤ ਮਰ ਚੁੱਕੀ ਹੈ... ਰਿਸ਼ਤੇ ਮਰ ਚੁੱਕੇ ਹਨ ਰਿਸ਼ਤਿਆਂ ਵਿੱਚ ਆਪਣਾਪਣ ਮਰ ਚੁੱਕਿਆ ਹੈ... ਕਲਯੁੱਗ ਹੈ ਸਤ ਯੁੱਗ ਮਰ ਚੁੱਕਿਆ ਹੈ... ਇੱਕ ਧੀ ਲਈ ਪਿਉ ਵਰਗੇ ਰਿਸ਼ਤੇ ਮਰ ਗਏ ਜੋ ਉਸਦੀ ਇੱਜ਼ਤ ਦੇ ਵੈਰੀ ਬਣ ਗਏ... ਇੱਕ ਮਾਂ ਵੀ ਮਰ ਗਈ ਜੋ ਖੁਦ ਦੀ ਇੱਜ਼ਤ ਨਹੀਂ ਬਚਾ ਸਕੀ... ਇੱਕ ਧੀ ਉਦੋਂ ਮਰ ਗਈ ਜਦੋਂ ਖੁਦ ਦੇ ਘਰ ਵਿੱਚ ਉਸਨੂੰ ਜਿਉਂਦੀ ਜਾ ਜਨਮ ਤੋਂ ਪਹਿਲਾਂ ਹੀ ਮਾਰ ਦਿੱਤੀ ਗਈ... ਇੱਕ ਪੁੱਤ ਮਰ ਗਿਆ ਜਦੋਂ ਉਹ ਨਸ਼ਾ ਖਾਣ ਦਾ ਆਦੀ ਹੋ ਗਿਆ... ਬਚਿਆ ਕੀ ਰਿਸ਼ਤਿਆਂ ਨੂੰ ਰਿਸ਼ਤੇ ਖਾ ਗਏ ... ਸੱਚ ਨੂੰ ਝੂਠ ਖਾ ਗਿਆ... ਰਿਸ਼ਵਤ ਨੌਕਰੀਆਂ ਖਾ ਗਈ... ਸਰਕਾਰ ਜਨਤਾ ਨੂੰ ਖਾ ਗਈ... ਬੰਦਾ ਨੂੰ ਖਾ ਗਿਆ... ਬਚਿਆ ਕੀ ਦੁਨੀਆ ਵਿੱਚ ਸਿਰਫ ਮੁਰਦਾ...

ਹੁਣ ਦੱਸੋ ਕਬਰਸਤਾਨ ਵਿੱਚ ਕੌਣ ਨੇ ਦੁਨੀਆਂ ਵਿੱਚ ਕੌਣ  
ਮੈਂ ਮੁਰਦਿਆਂ ਵਿੱਚ ਗਵਾਚ ਗਿਆ ਹਾਂ  
ਲੱਭਦਾ ਲੱਭਦਾ ਜਿਉਂਦੇ ਇਨਸਾਨਾਂ ਨੂੰ ਘਰਾਂ ਦਾ ਸਕੂਨ ਖੋ ਬੈਠਾ

ਬਣਾ ਕੇ ਉੱਚੇ ਮਕਾਨਾਂ ਨੂੰ ਬੇ ਲੋੜੀਆਂ ਜ਼ਰੂਰਤਾਂ ਪੂਰੀਆਂ ਕਰਦੇ ਕਰਦੇ ਰੋਲ ਦਿੱਤਾ ਅਰਮਾਨਾਂ ਨੂੰ

ਬੰਦਾ ਬੰਦੇ ਨੂੰ ਖਾ ਗਿਆ ਭਰ ਗਿਆ ਸ਼ਮਸ਼ਾਨਾਂ ਨੂੰ

ਮੈਂ ਮੁਰਦਿਆਂ ਵਿੱਚ ਗਵਾਚ ਗਿਆ ਹਾਂ

ਲੱਭਦਾ ਲੱਭਦਾ ਜਿਉਂਦੇ ਇਨਸਾਨਾਂ ਨੂੰ

ਰੂਹਾਂ ਆਜ਼ਾਦ ਨੇ ਧੋਖੇ ਤੋਂ ਫਰੇਬ ਤੋਂ ਝੂਠ ਤੋਂ ਰਿਸ਼ਤਿਆਂ ਤੋਂ... ਰਿਸ਼ਵਤਖੋਰੀ ਤੋਂ ਕੱਲ ਯੁੱਗ ਤੋਂ

ਰਾਤ ਤੋਂ ਬਾਅਦ ਪਹੁ ਫੁਟਾਲੇ ਦੀ ਆਸ ਬਾਕੀ ਹੈ...

ਬਦ ਦੁਆਵਾਂ ਬਹੁਤ ਨੇ...

ਬਸ ਕਿਸੇ ਆਪਣੇ ਦੀ ਕੀਤੀ ਅਰਦਾਸ ਬਾਕੀ

ਮਿੰਦੋ

ਸੋਹਰੇ ਪੇਰੇ ਕੀ ਰੀਤ ਬਣੀ ਹੋਈ ਹੈ ਕਿੰਨਾ ਸੌਖਾ ਕਿਸੇ ਦੀ ਧੀ ਦੇ ਹੱਕਦਾਰ ਪਲਾਂ ਵਿੱਚ ਬਣ ਜਾਂਦੇ

ਕਿਵੇਂ ਪਲਾਂ ਵਿੱਚ ਇੱਕ ਜ਼ਿੰਦਗੀ ਗੁਲਾਮ ਬਣਾ ਲੈਂਦੇ ਨੇ ਉੱਠਣਾ ਬੈਠਣਾ... ਕਪੜੇ ਪਹਿਨਣ ਦਾ ਢੰਗ... ਸੌਣ ਜਾਗਣ ਤੋਂ ਲੈ ਕੇ ਕਿਤੇ ਆਉਣ ਜਾਣ ਇਥੋ ਤੱਕ ਕਿ ਉਸਦੇ ਖੁਦ ਦੇ ਪੇਜੇ ਘਰ ਜਾਣ ਦਾ ਫ਼ੈਸਲਾ ਵੀ ਉਸ ਦਾ ਖੁਦ ਦਾ ਨਹੀਂ ਹੁੰਦਾ ਕਦੋਂ ਜਾਣਾ ਕਿੰਨਾ ਸਮਾਂ ਰੁਕਣਾ ਇਹ ਸਭ ਉਸ ਦੇ ਨਵੇਂ ਮਾਲਕ ਵਲੋਂ ਤੈਅ ਕੀਤਾ ਜਾਂਦਾ ਹੈ ਕੀ ਇਹ ਸਹੀ ਹੈ ਕੀ ਵਿਆਹ ਤੋਂ ਬਾਅਦ ਇੱਕ ਜ਼ਿੰਦਗੀ ਕਿਸੇ ਦੀ ਮਲਕੀਅਤ ਬਣ ਜਾਂਦੀ ਹੈ ਉਸਦੇ ਖੁਦ ਦੇ ਕੋਈ ਅਰਮਾਨ ਨਹੀਂ ਹੁੰਦੇ... ਹੋਰ ਚੀਜ਼ਾਂ ਚਾਹੇ ਨਾ ਮਿਲਣ ਪਰ ਉਸਦਾ ਹੱਕ ਹੁੰਦਾ ਹੈ ਕਿ ਸੋਹਰੇ ਘਰ ਉਸਨੂੰ ਇੱਜ਼ਤ ਮਿਲੇ ਉਸਦੇ ਕੀਤੇ ਕੰਮਕਾਰ ਦੀ ਕਦਰ ਹੋਵੇ ਉਸ ਤੇ ਝੂਠੇ ਇਲਜ਼ਾਮ ਨਾ ਲਾਏ ਜਾਣ ਜੇ ਇਹ ਸਭ ਨਹੀਂ ਹੁੰਦਾ ਤੇ ਉਸਦੀ ਕੋਈ ਜ਼ਿੰਦਗੀ ਨੀ ਉਸ ਸਿਰਫ ਇੱਕ ਗੁਲਾਮ ਬਣ ਕੇ

ਰਹਿ ਜਾਂਦੀ ਹੈ...

ਇਹ ਸਭ ਗੱਲਾਂ ਸੋਚਦੀ ਮਿੰਦੋ ਆਪਣੇ ਬੀਤੇ ਕੱਲ ਤੇ ਝਾਤੀ ਮਾਰਦੇ ਹੋਏ ਆਪਣੇ ਧੀ ਪਾਲੀ ਦੇ ਆਉਣ ਵਾਲੇ ਭਵਿੱਖ ਵਾਰੇ ਸੋਚ ਕੇ ਡਰ ਜਾਂਦੀ ਹੈ... ਸੋਚਦੀ ਹੈ ਕਿ ਪਾਲੀ ਦਾ ਬਾਪੂ ਹੈ ਨੀ ਭਾਈ ਛੋਟਾ ਹੈ ਜੇ ਉਸਦੇ ਸੋਹਰੇ ਉਹੀ ਸਭ ਪਾਲੀ ਨਾਲ ਕਰਨਗੇ ਜਿਵੇਂ ਉਸ ਨਾਲ ਹੋਇਆ ਹੈ ਤਾਂ ਉਹ ਕਦੇ ਬਰਦਾਸ਼ਤ ਨਹੀਂ ਕਰ ਸਕੇਗੀ... ਉਸ ਨੇ ਫੈਸਲਾ ਕੀਤਾ ਕੇ ਉਹ ਧੀ ਨੂੰ ਵਿਆਹ ਕੇ ਸੋਹਰੇ ਨਹੀਂ ਭੇਜੇਗੀ ਸਗੋ ਘਰ ਜਵਾਈ ਬਣਾ ਲਵੇਗੀ... ਜਾਇਦਾਦ ਅੱਧੀ ਅੱਧੀ ਪੁੱਤ ਤੇ ਜਵਾਈ ਨੂੰ ਵੰਡ ਦੇਵੇਗੀ... ਧੀ ਮੇਰੇ ਘਰ ਵਿੱਚ ਮੇਰੀਆਂ ਅੱਖਾਂ ਸਾਹਮਣੇ ਰਹੇਗੀ ਤਾਂ ਉਸ ਨੂੰ ਸਕੂਨ ਰਹੇਗਾ... ਪੁੱਤ ਦਾ ਵਿਆਹ ਕਰੇਗੀ ਤੇ ਨੂੰਹ ਨੂੰ ਵੀ ਪਿਆਰ ਨਾਲ ਰੱਖੇਗੀ ਉਸ ਨੂੰ ਖੁਦ ਤੇ ਪੂਰੀ ਤਸੱਲੀ ਤੇ ਯਕੀਨ ਸੀ ਕਿ ਉਹ ਸਭ ਚੰਗੇ ਤੇ ਵਧੀਆ ਤਰੀਕੇ ਨਾਲ ਸੰਭਾਲ ਲਵੇਗੀ...

ਮਿੰਦੋ ਨੇ ਆਪਣੇ ਜਾਣ ਪਹਿਚਾਣ ਵਿੱਚ ਗੱਲ ਕੀਤੀ ਤਾਂ ਸਭ ਨੇ ਉਸਨੂੰ ਰੋਕਣ ਦੀ ਕੋਸ਼ਿਸ ਕੀਤੀ ਕਿ ਰੀਤ ਰਿਵਾਜ਼ ਬਦਲੇ ਨੀ ਜਾਂਦੇ ਪਰ ਉਸਨੇ ਵੀ ਫੈਸਲਾ ਕੀਤਾ ਹੋਇਆ ਸੀ ਕਿ ਕਿਸੇ ਹਾਲ ਧੀ ਨੂੰ ਅੱਖਾਂ ਤੋਂ ਉਹਲੇ ਨਹੀਂ ਕਰੇਗੀ...

ਆਖਿਰ ਇੱਕ ਰਿਸ਼ਤਾ ਮਿਲ ਗਿਆ ਤੇ ਉਹ ਸੋਹਰੇ ਘਰ ਰਹਿਣ ਲਈ ਵੀ ਮੰਨ ਗਿਆ... ਮਿੰਦੋ ਨੇ ਪੁੱਤ ਤੇ ਧੀ ਦਾ ਵਿਆਹ ਇਕਠੇ ਇਕੋ ਦਿਨ ਕਰ ਦਿੱਤਾ... ਦਿਨ ਵਧੀਆ ਲੰਘ ਰਹੇ ਸੀ ਧੀ ਜਵਾਈ ਪੁੱਤ ਨੂੰਹ ਸਭ ਰਾਜੀ ਖੁਸ਼ੀ ਵੁਸ ਦੀਆਂ ਅੱਖਾਂ ਸਾਹਮਣੇ ਆਪਣੀ ਜ਼ਿੰਦਗੀ ਬਿਤਾ ਰਹੇ ਸੀ ਕੋਈ ਤੰਗੀ ਨਹੀਂ ਸੀ ਕੰਮ ਕਾਰ ਵੀ ਪੁੱਤ ਤੇ ਜਵਾਈ ਨੇ ਵਧੀਆ ਸੰਭਾਲ ਰੱਖਿਆ ਸੀ...

ਮਿੰਦੋ ਨੂੰ ਖੁਸ਼ੀ ਹੁੰਦੀ ਸੀ ਉਸ ਦਾ ਫ਼ੈਸਲਾ ਠੀਕ ਰਿਹਾ...

ਮਿੰਦੋ ਨੇ ਆਪਣੀ ਸਮਝਦਾਰੀ ਤੇ ਪਿਆਰ ਨਾਲ ਪੁੱਤ ਨੂੰਹ ਤੇ ਧੀ ਜਵਾਈ ਨੂੰ ਇਕੋ ਘਰ ਵਿੱਚ ਇਕੋ ਵਿਹੜੇ ਵਿੱਚ ਖੁਸ਼ੀ ਖੁਸ਼ੀ ਰਹਿਣਾ ਸਿਖਾਇਆ... ਕਦੇ ਕੋਈ ਲੜਿਆ ਨੀ ਜੇ ਕੋਈ ਗੱਲ ਵਿਗੜਦੀ ਹੁੰਦੀ ਵੀ ਤਾਂ ਬੜੇ ਸੋਹਣੇ ਢੰਗ ਨਾਲ ਸਾਭ ਸੁਲਝਾ ਲੈਂਦੀ... ਮਿੰਦੋ ਸੰਸ ਨਹੀਂ ਸਾਰੇ ਬੱਚਿਆਂ ਦੀ ਮਾਂ ਬਣ ਕੇ ਸਭ ਨੂੰ ਪਿਆਰ ਦੇ ਰਹੀ ਸੀ ਕੋਈ ਗਿਲਾ ਸ਼ਿਕਵਾ ਨਹੀਂ ਸੀ ਕਦੇ ਨੂੰਹ ਧੀ ਤੇ ਪੁੱਤ ਜਵਾਈ ਵਿੱਚ ਕਦੇ ਫਰਕ ਨਹੀਂ ਸੀ ਸਮਝਿਆ... ਜੋ ਉਸ ਨਾਲ ਖੁਦ ਨਾਲ ਬੀਤੀ ਉਸਨੇ ਆਪਣੀ ਨੂੰਹ ਨਾਲ ਕਦੇ ਨਹੀਂ ਕੀਤਾ ਤੇ ਜਵਾਈ ਨੂੰ ਵੀ ਪੁੱਤ ਤੋਂ ਵੱਧ ਕੇ ਰੱਖਿਆ...

ਉਸ ਨੇ ਸਾਬਿਤ ਕੀਤਾ ਕੇ ਦਿਲ ਚ ਦੂਜਿਆਂ ਪ੍ਰਤੀ ਈਰਖਾ ਦੀ ਜਗ੍ਹਾ ਜੇ ਆਪਣਾਪਣ ਲੈ ਕੇ ਜੀਓ ਤਾਂ ਹਰ ਇੱਕ ਰਿਸ਼ਤਾ ਨਿਭਾਇਆ ਜਾ ਸਕਦਾ ਹੈ

ਤੇਰੀ ਖਾਤਿਰ ਝੱਲ ਰਹੇ ਹਾਂ...
ਨਹੀਂ ਮੈਂ ਕਿਸੇ ਤੋਂ ਕੀ ਲੈਣਾ ਸੀ...

# ਵਿਰਲਾਪ

ਜੀਤ ਨੇ ਕਿਵੇਂ ਨਾ ਕਿਵੇਂ ਸਾਂਝੇਦਾਰੀ ਦੀ ਜ਼ਮੀਨ ਖ਼ਰੀਦ ਹੀ ਲਈ... ਆਪਣੇ ਬਣਦੇ ਹਿੱਸੇ ਦੇ ਪੈਸੇ ਹਰ ਹੀਲੇ ਪੂਰੇ ਕਰ ਦਿੱਤੇ... ਮੈਂ ਸੁਣਿਆ ਕਿ ਸਾਢੇ ਚਾਰ ਹਜ਼ਾਰ ਘੱਟ ਸੀ ਉਹ ਵੀ ਫੋਨ ਵੇਚ ਕੇ ਪੂਰਾ ਕਰ ਹੀ ਦਿੱਤਾ... ਪਤਾ ਨਹੀਂ ਕਿ ਫਾਇਦਾ ਦਿਸ ਰਿਹਾ ਸੀ ਜੀਤ ਨੂੰ ਉਸ ਜਮੀਨ ਵਿੱਚ ਜੋ ਚੰਗਾ ਬੁਰਾ ਵੀ ਨੀ ਸੋਚਿਆ...

ਜੀਤ ਹੋਰੀਂ ਸਾਂਝੇਦਾਰੀ ਦੀ ਲਈ ਜ਼ਮੀਨ ਦਾ ਜਸ਼ਨ ਮਨਾ ਰਹੇ ਸੀ ਮੈਂ ਵੀ ਕੋਲ ਸੀ ਗੱਲਾਂ ਬਾਤਾਂ ਚੱਲ ਰਹੀਆਂ ਸੀ ਜੀਤ ਦੇ ਸੋਨੇ ਦੇ ਕੜੇ ਵਾਰੇ ਹਾਸਾ ਠੱਠਾ ਹੋ ਰਿਹਾ ਸੀ ਕਿ ਫੋਨ ਵੇਚ ਕੇ ਪੈਸੇ ਕੀਤੇ ਸੋਨੇ ਦਾ ਕੜਾ ਨੀ ਵੇਚਿਆ ਸੱਚੀ ਸੋਨੇ ਦਾ ਹੀ ਆ ਕਿ ਨਕਲੀ ਪਾਈ ਫਿਰਦਾ... ਜੀਤ ਕੁਝ ਨਾ ਬੋਲਿਆ...

ਇੰਨੇ ਨੂੰ ਆਹ ਕੀ ਹੋਇਆ... ਇੱਕ ਦਮ ਰੌਲਾ ਪੈ ਗਿਆ... ਜੀਤ ਨੂੰ ਮਾਰਨ ਲਈ ਕੁਝ ਬੰਦੇ ਆ ਗਏ ਜਿਸ ਨੂੰ ਜਿਸ ਪਾਸੇ ਰਾਹ ਮਿਲਿਆ ਭੱਜ ਗਏ... ਜੀਤ ਨੂੰ ਉਹਨਾਂ ਅੱਗੇ ਭੱਜੇ ਜਾਂਦੇ ਨੂੰ ਮੈਂ ਆਪਣੇ ਅੱਖੀਂ ਵੇਖਿਆ... ਪਲਾਂ ਵਿੱਚ ਹੀ ਪਤਾ ਲੱਗਿਆ ਕਿ ਜੀਨ ਨੂੰ ਮਾਰ ਦਿੱਤਾ ਗਿਆ... ਇਹ ਸਭ ਕਿਉਂ ਹੋਇਆ ਕਿਸੇ ਨੂੰ ਪਤਾ ਨਹੀਂ ਲੱਗਿਆ... ਵਿੱਚ ਵਿੱਚ ਲੋਕਾਂ ਤੋਂ ਏਹੀ ਸੁਣਿਆ ਕਿ ਬੁਰੇ ਕੰਮਾਂ ਦੇ ਬੁਰੇ ਨਤੀਜੇ... ਸਾਂਝੇਦਾਰੀ ਜੀਤ ਨੂੰ ਬੁਰੀ ਪਈ... ਪੈਸੇ ਕਿਵੇਂ ਪੂਰੇ ਕੀਤੇ ਕੌਣ ਜਾਣਦਾ ਸੀ... ਫੋਨ ਵੇਚ ਕੇ ਜ਼ਮੀਨਾਂ ਦੇ ਪੈਸੇ ਨੀ ਪੂਰੇ ਪੈਂਦੇ... ਅਸਲੀ ਗੱਲ ਕਿਸੇ ਨੂੰ ਨਹੀਂ ਪਤਾ...

ਪਰ ਜੀਤ ਦੇ ਘਰ ਪਰਿਵਾਰ ਦਾ ਔਖਾ ਹੋ ਗਿਆ ਉਸ ਦਿਨ ਤੋਂ

ਬਾਅਦ ਜੀਤ ਦੀ ਮਾਂ ਤੇ ਘਰਵਾਲੀ ਕਿਸੇ ਨੂੰ ਨਜ਼ਰੀ ਨੀ ਪਈਆਂ... ਬਸ ਕਦੇ ਕਦੇ ਉਹਨਾਂ ਦੇ ਘਰ ਤੋਂ ਦਿਲ ਕੰਬਾਊ ਵਿਰਲਾਪ ਦੀ ਆਵਾਜ਼ ਜ਼ਰੂਰ ਸੁਣਾਈ ਦਿੰਦੀ ਸੀ।

ਖਤਰਾ ਤੈਨੂੰ ਖੁਦ ਤੋਂ ਹੈ...
ਖੁਦ ਤੋਂ ਬਚ ਜਾ...
ਜਿੱਥੇ ਕਰਨੀ ਪੈ ਜੇ ਬੇਈਮਾਨੀ...
ਉਸ ਰਾਹ ਤੋਂ ਬਚ ਜਾ...
ਕੀ ਕਰਨਾ ਲੁੱਟ ਦਾ ਪੈਸਾ...
ਝੂਠ ਦੀ ਦੌਲਤ...
ਮਿਹਨਤ ਇਮਾਨਦਾਰੀ ਨਾਲ ਕਮਾ...
ਜ਼ਿੱਲਤ... ਤੇਰੇ ਦਰ ਨਾ ਆਵੇ...
ਆਪਣੀ ਇੱਜ਼ਤ ਬਚਾਅ...
ਬੁਰੇ ਰਾਹ ਨਾ ਜਾ...
ਟੱਬਰ ਪਿੱਛੇ ਰੁਲ ਜਾਂਦੇ ਨੇ...
ਬੁਰੇ ਕੰਮਾਂ ਦੇ ਬੁਰੇ ਨਤੀਜੇ...
ਅਜੇ ਵੀ ਸੰਭਾਲ ਜਾ...
ਖਤਰਾ ਤੈਨੂੰ ਖੁਦ ਤੋਂ ਹੀ ਹੈ...
ਖੁਦ ਤੋਂ ਬਚ ਜਾ...

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com